10/VS

ਸਾਰੇ ਜਹਾਨਾਂ ਲਈ ਰਹਿਮਤ

رحمۃ للعالمین

ਲੇਖਕ

ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਿਮਦ
ਖ਼ਲੀਫ਼ਾਤੁਲਮਸੀਹ

1809

ਪ੍ਰਕਾਸ਼ਕ

ਨਾਜ਼ਿਰ ਦਾਅਵਤੋ-ਤਬਲੀਗ਼
ਕਾਦੀਆਨ (ਭਾਰਤ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਾਰੇ ਜਹਾਨਾਂ ਲਈ ਰਹਿਮਤ

رحمۃ للعالمین

ਲੇਖਕ

ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਿਮਦ

ਖ਼ਲੀਫ਼ਾਤੁਲਮਸੀਹ

ਪ੍ਰਕਾਸ਼ਕ

ਨਾਜ਼ਿਰ ਦਾਅਵਤੋ-ਤਬਲੀਗ਼

ਕਾਦੀਆਨ (ਭਾਰਤ)

Digitized by Panjab Digital Library | www.panjabdigilib.org

ਪਹਿਲੀ ਵਾਰ : ਅਪਰੈਲ ੧੯੬੯

ਤਾਦਾਦ : ੫੦੦੦

ਪ੍ਰਕਾਸ਼ਕ : ਨਾਜ਼ਿਰ ਦਾਅਵਤੋ-ਤਬਲੀਗ਼
ਕਾਦੀਆਨ

ਪ੍ਰਿੰਟਰ : ਤੇਜਾ ਸਿੰਘ ਸੇਠੀ,
ਤੇਜ ਪ੍ਰਿੰਟਿੰਗ ਪ੍ਰੈਸ,
ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ

Digitized by Panjab Digital Library | www.panjabdigilib.org

ਜਾਣ-ਪਛਾਣ

ਇਹ ਟ੍ਰੈਕਟ ਇਸਲਾਮ ਧਰਮ ਦੇ ਮੋਢੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਜੀਵਨ ਸੰਬੰਧੀ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਿਮਦ ਮੁਸਲਿਹ-ਮੌਊਦ — ਜੋ ਅਹਿਮਦੀਆ ਜਮਾਤ ਦੇ ਮੋਢੀ ਜੀ ਦੇ ਸਪੁੱਤਰ ਤੇ ਦੂਜੇ ਖ਼ਲੀਫ਼ਾ ਹੋਏ ਹਨ — ਦੀ ਲੇਖਣੀ ਹੈ। ਇਸ ਦਾ ਪੰਜਾਬੀ ਉਲਥਾ, ਪੰਜਾਬੀ ਭਰਾਵਾਂ ਦੀ ਜਾਣਕਾਰੀ ਲਈ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਮਿਰਜ਼ਾ ਵਸੀਮ ਅਹਿਮਦ
ਨਾਜ਼ਿਰ ਦਾਅਵਤੋ-ਤਬਲੀਗ
ਕਾਦੀਆਨ

Digitized by Panjab Digital Library | www.panjabdigilib.org

ਤਤਕਰਾ

੧. ਸਾਰੇ ਜਹਾਨਾਂ ਲਈ ਰਹਿਮਤ	... ...	੧
੨. ਅਕਾਸ਼ ਲਈ ਰਹਿਮਤ	... ...	੨
੩. ਫ਼ਰਿਸ਼ਤਿਆਂ ਲਈ ਰਹਿਮਤ	... ...	੬
੪. ਸਮੇਂ ਲਈ ਰਹਿਮਤ	... ...	੯
੫. ਧਰਤੀ ਲਈ ਰਹਿਮਤ	... ...	੧੧
੬. ਮਨੁੱਖਤਾ ਲਈ ਰਹਿਮਤ	... ...	੧੪
੭. ਮਨੁੱਖ-ਜਾਤੀ ਲਈ ਰਹਿਮਤ	... ...	੨੩
੮. ਬੀਤ ਚੁੱਕੇ ਨਬੀਆਂ ਤੇ ਰਸੂਲਾਂ ਲਈ ਰਹਿਮਤ	...	੨੭
੯. ਪਹਿਲੀਆਂ ਧਰਮ ਪੁਸਤਕਾਂ ਲਈ ਰਹਿਮਤ	...	੩੭
੧੦. ਮਨੁੱਖ ਜਾਤੀ ਦੀ ਜ਼ਮੀਰ ਲਈ ਰਹਿਮਤ	...	੪੩
੧੧. ਅੰਗ-ਹੀਣਾਂ ਲਈ ਰਹਿਮਤ	...	੪੮
੧੨. ਆਉਣ ਵਾਲੀਆਂ ਨਸਲਾਂ ਲਈ ਰਹਿਮਤ	...	੫੩

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਿਮਦ

ਦੂਜੇ ਖ਼ਲੀਫ਼ਾਤੁਲਮਸੀਹ

Digitized by Panjab Digital Library | www.panjabdigilib.org

بسم اللہ الرحمن الرحیم
نحمدہ و نصلی علی رسولہ الکریم

ਸਾਰੇ ਜਹਾਨਾ ਲਈ ਰਹਿਮਤ

ਸਾਜਨਹਾਰ ਪ੍ਰਭੂ ਨੇ ਇਨਸਾਨੀ ਦਿਮਾਗ ਅਜੀਬ ਕਿਸਮ ਦਾ ਸਾਜਿਆ ਹੈ। ਇਹ ਕਈ ਵਾਰ ਕਈ ਕਈ ਹਾਲਤਾਂ ਵਿਚੋਂ ਦੀ ਲੰਘਦਾ ਹੈ। ਜੇ ਕਦੇ ਇਸ ਨੂੰ ਫਲਸਫ਼ੇ ਦੀਆਂ ਘੁੰਡੀਆਂ ਉਲਝਾ ਰਹੀਆਂ ਹੁੰਦੀਆਂ ਹਨ, ਤਾਂ ਕਦੇ ਇਹ ਵਲਵਲੇ ਦੇਸ ਵਿਚ ਉਡਾਰੀਆਂ ਲਾ ਰਿਹਾ ਹੁੰਦਾ ਹੈ। ਜੇ ਕਿਸੇ ਸਮੇਂ ਇਸ ਨੂੰ ਵਿਦਿਆ ਦੀਆਂ ਘੁੱਤਰਾਂ ਹੇਠਾਂ ਨੂੰ ਖਿੱਚ ਰਹੀਆਂ ਹੁੰਦੀਆਂ ਹਨ, ਤਾਂ ਦੂਜੇ ਸਮੇਂ ਪ੍ਰੇਮ ਦੇ ਹੁਲਾਰੇ ਇਸ ਨੂੰ ਉੱਚਾ ਚੁਕ ਰਹੇ ਹੁੰਦੇ ਹਨ। ਏਹੋ ਜੇਹੀਆਂ ਹਾਲਤਾਂ ਵਿਚੋਂ ਹੀ ਇਕ ਹਾਲਤ ਇਕ ਵਾਰ ਮੇਰੇ ਤੇ ਵੀ ਵਾਪਰੀ ਹੋਈ ਸੀ। ਮੈਂ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਜੀਵਨ-ਕਰਤਵਾਂ ਤੇ ਵਿਚਾਰ ਕਰ ਰਿਹਾ ਸੀ। ਮੇਰੀ ਬੁਧੀ ਓਹਨਾਂ ਦੀ ਹਦਬੰਦੀ ਕਰਨਾ ਚਾਹੁੰਦੀ ਸੀ, ਪਰ ਮੇਰਾ ਦਿਲ ਮੇਰੇ ਹੱਥੋਂ ਨਿਕਲਣ ਲੱਗਾ। ਇਸ ਅਥਾਹ ਸਮੁੰਦਰ ਦੀਆਂ ਤਾਰੀਆਂ ਨੇ ਮੇਰੀ ਸੋਚ-ਸ਼ਕਤੀ ਨੂੰ ਸਾਰੀਆਂ ਹੀ ਹੱਦਾਂ ਤੋਂ ਸੁਤੰਤਰ ਕਰ ਦਿੱਤਾ ਅਤੇ ਮੈਂ ਉਸ ਸਮੇਂ ਦੇਸ਼-ਕਾਲ ਤੋਂ ਆਜ਼ਾਦ ਹੋ ਕੇ ਆਪਣੇ ਵਿਤੋਂ ਵਧ ਉਡਾਰੀਆਂ ਲਾਉਣ ਲਗ ਪਿਆ

Digitized by Panjab Digital Library | www.panjabdigilib.org

ਅਕਾਸ਼ ਲਈ ਰਹਿਮਤ

ਮੇਰਾ ਧਿਆਨ ਅਕਾਸ਼ ਵਲ ਚਲਾ ਗਿਆ। ਮੈਂ ਲਿਸ਼ਕਾਰੇ ਮਾਰਦੇ ਸੂਰਜ ਤੇ ਚਮਕਦੇ ਤਾਰਿਆਂ ਨੂੰ ਵੇਖਿਆ। ਓਹ ਵੱਡੇ ਸੋਹਣੇ ਤੇ ਮਨਮੋਹਣੇ ਜਾਪਦੇ ਸਨ। ਓਹਨਾਂ ਦੀ ਹਰੇਕ ਕਿਰਣ ਪ੍ਰੇਮ ਦੀ ਚਮਕ ਨਾਲ ਦਮਕ ਰਹੀ ਸੀ। ਇਉਂ ਭਾਸਦਾ ਸੀ ਕਿ ਜਿਵੇਂ ਪ੍ਰੀਤਮ ਝਿਲਮਿਲੀਆਂ ਨਾਲ ਦਰਸ਼ਨ ਦੇ ਰਿਹਾ ਹੈ। ਮੇਰਾ ਮਨ ਇਸ ਸੁਹਾਵਣੇ ਦ੍ਰਿਸ਼ ਨੂੰ ਵੇਖ ਕੇ ਆਪੇ ਤੋਂ ਬਾਹਰ ਹੋ ਗਿਆ। ਮੈਨੂੰ ਇਸ ਸਾਰੇ ਪ੍ਰਕਾਸ਼ ਵਿਚੋਂ ਕਿਸੇ ਹੋਰ ਦਾ ਹੀ ਦੀਦਾਰ ਹੋ ਰਿਹਾ ਸੀ — ਉਸ ਅਨਾਦੀ ਪ੍ਰੀਤਮ ਦਾ, ਜੋ ਸਾਰੀ ਸੁੰਦਰਤਾ ਦਾ ਸੋਮਾ ਹੈ। ਉਸ ਵੇਲੇ ਮੇਰੀ ਹਾਲਤ ਉਸੇ ਜੇਹੀ ਸੀ, ਜਿਸ ਨੇ ਇਹ ਕਿਹਾ ਸੀ ਕਿ :—

ਚਾਂਦ ਕੋ ਕਲ ਦੇਖ ਕਰ ਮੈਂ ਸਖਤ ਬੇਕਲ ਹੋ ਗਿਆ,
ਕਿਉਂਕਿ ਥਾ ਕੁਛ ਕੁਛ ਨਿਸ਼ਾਂ ਉਸ ਮੇਂ ਜਮਾਲਿ ਯਾਰ ਦਾ।

ਪਤਾ ਨਹੀਂ ਕਿ ਮੈਂ ਆਪਣੇ ਇਸ ਖਿਆਲ ਵਿਚ ਕਦੋਂ ਤਕ ਮਗਨ ਰਹਿੰਦਾ ਕਿ ਮੈਂ ਆਲਮਿ ਖਿਆਲ ਵਿਚ ਇਹ ਵੇਖਿਆ ਕਿ ਸੂਰਜ ਦੀ ਲਾਲੀ ਪੀਲੀ ਤੇ ਮੱਧਮ ਹੋਣ ਲੱਗੀ ਹੈ ਅਤੇ ਚੰਨ ਤੇ ਤਾਰੇ ਵੀ ਅਲੋਪ ਹੋਣ ਲੱਗੇ ਹਨ। ਇਉਂ ਜਾਪਦਾ ਸੀ ਕਿ ਜੋ ਵਿਅਕਤੀ ਏਹਨਾਂ ਦੀ ਚਮਕ ਤੇ ਦਮਕ ਦਾ ਕਾਰਨ ਸੀ, ਉਹ ਰੁਸ ਕੇ ਪਿੱਛੇ ਹੱਟ ਗਈ ਹੈ, ਅਰਥਾਤ ਝਰੋਖਾ ਝਾਤੀਆਂ ਮਾਰਨ ਵਾਲੇ ਮੁਖੜੇ ਦੇ ਪ੍ਰਕਾਸ਼ ਤੋਂ ਸੱਖਣਾ ਹੋ ਗਿਆ ਹੈ। ਮੈਨੂੰ ਓਹ ਸੁਰਜੀਵ ਗ੍ਰਹਿ ਨਿਰਜੀਵ ਮਿੱਟੀ ਦਾ ਢੇਰ ਭਾਸਣ ਲੱਗੇ। ਮੈਂ ਘਬਰਾ ਕੇ ਏਧਰ ਓਧਰ ਵੇਖਿਆ ਕਿ ਇਹ ਕੀ ਭਾਣਾ ਵਰਤਣ ਲੱਗਾ ਹੈ ? ਅਚਾਨਕ ਮੇਰਾ ਧਿਆਨ ਸ਼ਕਤੀ ਦੀਆਂ ਡੂੰਘਾਈਆਂ ਵਿਚ ਵਸ ਰਹੇ ਆਪਣੇ ਜੇਹੇ ਮਨੁੱਖਾਂ ਵਲ ਚਲਾ ਗਿਆ।

Digitized by Panjab Digital Library | www.panjabdigilib.org

ਮੈਂ ਇਹ ਵੇਖਿਆ ਕਿ ਬੇਅੰਤ ਸਿਆਣੇ ਤੇ ਸੂਝਵਾਨ ਜਾਪਦੇ ਲੋਕ ਸਿਰਾਂ ਦੇ ਭਾਰ ਹੋ ਹੋ ਕੇ ਤੇ ਗੋਡੇ ਟੇਕ ਟੇਕ ਕੇ ਸਨਿਮਰ ਅਰਜੋਈਆਂ ਤੇ ਅਰਦਾਸਾਂ ਕਰ ਰਹੇ ਹਨ। ਕੋਈ ਇਹ ਆਖਦਾ ਹੈ ਕਿ :—

"ਹੇ ਸੂਰਜ ਭਗਵਾਨ ! ਮੇਰੇ ਤੇ ਦਇਆ ਕਰ। ਮੇਰੇ ਅੰਨ੍ਹੇਰੇ ਘਰ ਨੂੰ ਆਪਣੀਆਂ ਰੋਸ਼ਨ ਕਿਰਣਾਂ ਨਾਲ ਚਾਨਣਾ ਦੇ। ਮੇਰੀ ਸੰਤਾਨ ਹੀਣ ਪਤਨੀ ਦੀ ਕੁਖ ਸੰਤਾਨ ਨਾਲ ਭਰ ਦੇ। ਮੇਰੇ ਸਾਰੇ ਵੈਰੀਆਂ ਦਾ ਨਾਸ਼ ਕਰ ਦੇ।"

ਕੋਈ ਇਹ ਕਹਿੰਦਾ ਹੈ ਕਿ :—

"ਹੇ ਚੰਦਰਮਾ ! ਮੇਰੀਆਂ ਅੰਨ੍ਹੇਰੀਆਂ ਘੜੀਆਂ ਨੂੰ ਆਪਣੇ ਪ੍ਰਕਾਸ਼ ਦੁਆਰਾ ਪ੍ਰਕਾਸ਼ਮਈ ਬਣਾ ਦੇ। ਮੇਰੇ ਸਾਰੇ ਦੁੱਖਾਂ ਤੇ ਦਰਦਾਂ ਨੂੰ ਦੂਰ ਕਰ ਦੇ।"

ਕੋਈ ਇਹ ਪ੍ਰਾਰਥਨਾ ਕਰਦਾ ਹੈ ਕਿ :—

"ਹੇ ਤਾਰਿਓ ! ਤੁਸੀਂ ਸਾਡੀਆਂ ਖੁਸ਼ੀਆਂ ਦਾ ਸਾਧਨ ਹੋ। ਤੁਸੀਂ ਸਾਡੇ ਸਾਰੇ ਸੁਖਾਂ ਤੇ ਮੰਗਲਾਂ ਦਾ ਸੋਮਾ ਹੋ। ਹੇ ਮੰਗਲ ਗ੍ਰਹਿ ਤੂੰ ਪਿਆਰ ਤੇ ਖੁਸ਼ੀਆਂ ਨਾਲ ਸਾਡੀਆਂ ਝੋਲੀਆਂ ਭਰ ਦੇ। ਸਾਡੇ ਪ੍ਰੀਤਮ-ਪਿਆਰਿਆਂ ਦੇ ਮਨ ਸਾਡੇ ਵਲ ਮੋੜ ਦੇ। ਹੇ ਸਾਡੇ ਸ਼ੁਕਰ ਗ੍ਰਹਿ ਤੂੰ ਸਾਡੇ ਤੇ ਕਰੋਪੀ ਨਾ ਕਰ। ਸਾਡੇ ਉਤੇ ਦੁਖਾਂ ਤੇ ਕਲੇਸ਼ਾਂ ਦੇ ਸਮੇਂ ਨਾ ਲਿਆ। ਆਪਣੀ ਕਰੋਪੀ ਨੂੰ ਸਾਡੇ ਵੈਰੀਆਂ ਵਲ ਮੋੜਾ ਦੇ ਦੇ।"

ਮੈਂ ਇਸ ਘ੍ਰਿਣਤ ਦ੍ਰਿਸ਼ ਨੂੰ ਵੇਖ ਕੇ ਵੱਡਾ ਘਬਰਾਇਆ। ਮੈਂ ਇਹ ਸੋਚਿਆ ਕਿ ਮਨੁੱਖ ਜਾਤੀ ਨੇ ਕੇਹੀਆਂ ਸੋਹਣੀਆਂ ਤੇ ਮਨਮੋਹਣੀਆਂ ਚੀਜ਼ਾਂ ਨੂੰ ਵੀ ਘ੍ਰਿਣਤ ਬਣਾ ਦਿੱਤਾ ਹੈ। ਜੇ ਕੋਈ ਪ੍ਰੇਮੀ ਆਪਣੇ ਪ੍ਰੀਤਮ-ਪਿਆਰੇ ਦੇ ਮੁਖੜੇ ਦੀ ਥਾਂ ਉਸ ਦੇ ਨਕਾਬ ਨਾਲ ਪਿਆਰ ਕਰਨ ਲਗ ਪਵੇ, ਅਰਥਾਤ ਉਸ ਦੀ ਅਸਲ ਸੁੰਦਰਤਾ ਨੂੰ ਵਿਸਾਰ ਕੇ ਉਸ ਦੇ ਕਪੜਿਆਂ ਦੀ ਬਣਾਵਟ ਤੇ ਸਜਾਵਟ ਤੇ ਹੀ ਮੋਹਿਤ ਹੋ ਜਾਏ, ਤਾਂ ਉਸ ਦਾ ਪ੍ਰੀਤਮ-ਪਿਆਰਾ ਓਹਨਾਂ ਕਪੜਿਆਂ

Digitized by Panjab Digital Library | www.panjabdigilib.org

ਵਿਚੋਂ ਨਿਕਲ ਜਾਂਦਾ ਹੈ ਤੇ ਖਾਲੀ ਕਪੜੇ ਆਪਣੇ ਪ੍ਰੇਮੀ ਅੱਗੇ ਵਗਾਹ ਮਾਰਦਾ ਹੈ ਅਤੇ ਉਸ ਨੂੰ ਇਹ ਆਖ ਦਿੰਦਾ ਹੈ ਕਿ ਲੈ ਏਹਨਾਂ ਨੂੰ ਵੇਖਦਾ ਰਿਹਾ ਕਰ। ਫੇਰ ਉਹੋ ਕਪੜੇ ਜੋ ਪ੍ਰੀਤਮ ਪਿਆਰੇ ਦੀ ਸਜਾਵਟ ਤੇ ਸੁੰਦਰਤਾ ਦਾ ਕਾਰਨ ਦਿਸਦੇ ਸਨ, ਵੱਡੇ ਭੈੜੇ ਤੇ ਓਪਰੇ ਜਾਪਣ ਲਗ ਪੈਂਦੇ ਹਨ। ਮੈਂ ਇਹ ਅਨੁਭਵ ਕੀਤਾ ਕਿ ਏਹੋ ਹਾਲ ਤਾਰਾ ਮੰਡਲ ਤੇ ਗ੍ਰੈਹਾਂ ਦਾ ਹੈ। ਜਦੋਂ ਤਕ ਓਹਨਾਂ ਵਿਚ ਅਨਾਦੀ ਪ੍ਰੀਤਮ ਦਾ ਰੂਪ ਵੇਖਿਆ ਜਾਏ, ਓਹ ਵੱਡੇ ਸੋਹਣੇ ਤੇ ਮਨਮੋਹਣੇ ਭਾਸਦੇ ਹਨ। ਪਰ ਜਦ ਓਹਨਾਂ ਦਾ ਆਪਣਾ ਆਪ ਹੀ ਲੋਕਾਈ ਦਾ ਮੁਖ ਮੰਤਵ ਬਣ ਜਾਏ, ਤਾਂ ਓਹਨਾਂ ਦੀ ਮਹਾਨਤਾ ਖਤਮ ਹੋ ਜਾਂਦੀ ਹੈ। ਸਾਇੰਸ ਵੇਤਾ ਵੱਡੀ ਬੇਰਹਿਮੀ ਨਾਲ ਓਹਨਾਂ ਦਾ ਚੀਰ ਪਾੜ ਕਰਕੇ ਓਹਨਾਂ ਨੂੰ ਧਾਂਤਾਂ ਦਾ ਇਕੱਠ ਤੇ ਗੱਲਾਂ ਦਾ ਸੰਗ੍ਰਹਿ ਸਿਧ ਕਰ ਦਿੰਦੇ ਹਨ। ਮੈਂ ਇਸ ਖਿਆਲ ਦੇ ਆਇਆਂ ਪਹਿਲਾ ਤਾਂ ਵੱਡੇ ਸੋਕ ਨਾਲ ਅਕਾਸ਼ਾਂ ਵਲ ਤੇ ਓਹਨਾਂ ਦੀ ਗੁਆਚੀ ਹੋਈ ਸਜਾਵਟ ਵਲ ਵੇਖਿਆ ਅਤੇ ਫੇਰ ਮਨੁੱਖਾਂ ਤੇ ਓਹਨਾਂ ਦੀ ਗੁਆਚੀ ਹੋਈ ਅਕਲ ਵਲ ਝਾਤ ਮਾਰੀ। ਮੈਂ ਇਸੇ ਹੀ ਸੋਚ-ਸਮੁੰਦਰ ਵਿਚ ਡੁੱਬਾ ਹੋਇਆ ਸੀ ਕਿ ਇਕ ਵੱਡੀ ਸੁਰੀਲੀ ਤੇ ਪਿਆਰੀ ਆਵਾਜ਼ ਮੇਰੇ ਕੰਨੀਂ ਪਈ। ਉਹ ਵੱਡੇ ਸ਼ਾਨਦਾਰ ਤੇ ਗਰਜਵੇਂ ਢੰਗ ਨਾਲ ਇਹ ਕਹਿ ਰਹੀ ਸੀ ਕਿ :—

> ਹੇ ਲੋਕੋ ! ਸੂਰਜ ਤੇ ਚੰਨ ਦੀ ਕਦੇ ਵੀ ਪੂਜਾ ਨਾ ਕਰੋ; ਸਗੋਂ ਇੱਕੋ ਇਕ ਪ੍ਰਭੂ ਦੀ ਹੀ ਸਦਾ ਪੂਜਾ ਕਰਦੇ ਰਿਹਾ ਕਰੋ ਉਹ ਸਾਰੇ ਬ੍ਰਹਿਮੰਡਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ। ਚੇਤੇ ਰੱਖੋ ਕਿ ਉਸੇ ਨੇ ਹੀ ਸੂਰਜ, ਚੰਨ ਤੇ ਤਾਰਿਆਂ ਦੀ ਸਾਜਨਾ ਕੀਤੀ ਹੈ। ਏਹ ਸਾਰੇ ਗ੍ਰਹਿ ਤੇ ਉਪ ਗ੍ਰਹਿ ਉਸ ਦੇ ਟਹਿਲੂਏ ਤੇ ਸੇਵਾਦਾਰ ਹਨ। ਯਾਦ ਰੱਖੋ ਕਿ ਉਹੋ ਹੀ ਸਾਜਨਹਾਰ ਤੇ ਪਾਲਨਹਾਰ ਹੈ ਅਤੇ ਉਹੋ ਸਭ ਦਾ ਪਾਤਸ਼ਾਹ ਹੈ।"

ਇਹ ਆਵਾਜ਼ ਵੱਡੀ ਸੋਹਣੀ ਤੇ ਮਨਮੋਹਣੀ ਸੀ। ਉਸ ਸਮੇਂ ਧਰਤੀ ਦਾ ਹਾਲ ਇਹ ਸੀ ਕਿ ਜਿਵੇਂ ਕਿਸੇ ਨੂੰ ਝਰਨਾਟ ਛਿੜੀ ਹੁੰਦੀ ਹੈ ਅਤੇ ਸਾਰੀ ਮਨੁੱਖ ਜਾਤੀ ਇਉਂ ਜਾਪਦਾ ਸੀ ਕਿ ਜਿਵੇਂ ਸੁੱਤੀ ਹੋਈ ਜਾਗ ਪਈ ਹੈ। ਸ਼ਰਮ,

Digitized by Panjab Digital Library | www.panjabdigilib.org

ਲੱਜਾ ਤੇ ਹਯਾ ਨਾਲ ਭਰਪੂਰ ਦਮਕਦੇ ਮੁਖੜਿਆਂ ਨਾਲ ਲੋਕ ਜਾਗ ਪਏ। ਅਕਾਸ਼ ਮੁੜ ਸੋਹਣਾ ਤੇ ਮਨਮੋਹਣਾ ਦਿੱਸਣ ਲਗ ਪਿਆ । ਅਨਾਦੀ ਪ੍ਰੀਤਮ ਨੇ ਮੁੜ ਸੂਰਜ, ਚੰਨ ਤੇ ਤਾਰਿਆਂ ਦੀ ਚਮਕ-ਦਮਕ ਵਿਚ ਜਗ ਵਲ ਝਾਤੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਫੇਰ ਜਗ ਦਾ ਕਿਣਕਾ ਕਿਣਕਾ ਪ੍ਰਭੂ ਦੇ ਜਲਾਲ ਦਾ ਪ੍ਰਤਾਊ ਬਣ ਗਿਆ। ਸਾਇੰਸਦਾਨਾਂ ਦੀਆਂ ਸਾਰੀਆਂ ਉਕਤੀਆਂ ਤੇ ਯੁਕਤੀਆਂ ਤੁਛ ਭਾਸਣ ਲਗ ਪਈਆਂ । ਸੂਝਵਾਨ ਤੇ ਸਿਆਣੇ ਬੋਲ ਉਠੇ ਕਿ ਤੁਸੀਂ ਆਪਣੀਆਂ ਗੈਸਾਂ ਤੇ ਰਸਾਇਣਾਂ ਦੇ ਵਿਚਾਰ ਆਪਣੇ ਕੋਲ ਹੀ ਰੱਖੋ। ਸਾਨੂੰ ਏਹਨਾਂ ਦੀ ਲੋੜ ਨਹੀਂ। ਤੁਸੀਂ ਛਿੱਲੜਾਂ ਦੀ ਫੋਲਾਫਾਲੀ ਕਰਦੇ ਹੋ, ਪਰ ਤਤ ਨੂੰ ਨਹੀਂ ਵਾਚਦੇ। ਤੁਸੀਂ ਓਹਨਾਂ ਧਾਤਾਂ ਦੇ ਢੇਰਾਂ ਤੇ ਗੈਸਾਂ ਦੇ ਸੰਗ੍ਰਿਹਾਂ ਪਿੱਛੇ ਨਹੀਂ ਵੇਖਦੇ ਕਿ ਕਿਸ ਦੀ ਸੁੰਦਰਤਾ ਲਿਸ਼ਕਾਰੇ ਮਾਰ ਰਹੀ ਹੈ ? ਤੇ ਕਿਸ ਦਾ ਹੱਥ ਕੰਮ ਕਰ ਰਿਹਾ ਹੈ ? ਮੈਂ ਇਹ ਵੇਖਿਆ ਕਿ ਚੰਨ ਦੀ ਉਹ ਬੇਨੂਰ ਮਿੱਟੀ ਵੀ — ਜਿਸ ਬਾਰੇ ਸਾਇੰਸਵੇਤਾ ਇਹ ਆਖਦੇ ਹਨ ਕਿ ਹਜ਼ਾਰਾਂ ਵਰ੍ਹਿਆਂ ਦੀਆਂ ਅਦਲਾ-ਬਦਲੀਆਂ ਸਦਕਾ ਮੁਰਦਾ ਹੋ ਚੁੱਕੀ ਹੈ — ਖੁਸ਼ੀ ਨਾਲ ਦਮਕ ਰਹੀ ਸੀ। ਉਸ ਨੂੰ ਇਸ ਨਾਲ ਕੋਈ ਵਾਸਤਾ ਨਹੀਂ ਸੀ ਕਿ ਉਹ ਤੱਤੀ ਹੈ, ਜਾਂ ਠੰਡੀ; ਨਿਰਜੀਵ ਹੈ, ਜਾਂ ਸੁਰਜੀਵ ਉਸ ਦਾ ਕਿਣਕਾ ਕਿਣਕਾ ਇਸ ਖੁਸ਼ੀ ਨਾਲ ਲਿਸ਼ਕ ਰਿਹਾ ਸੀ ਕਿ ਹੁਣ ਉਹ

ਪ੍ਰਭੂ ਦੇ ਨਿਸ਼ਾਨਾਂ ਵਿਚੋਂ ਇਕ ਨਿਸ਼ਾਨ

ਕਹਾਏਗੀ। ਕਿਸੇ ਨੇ ਮੇਰੇ ਦਿਲ ਵਿਚ ਚੂੰਡੀ ਭਰੀ ਤੇ ਮੈਂ ਇਕ ਠੰਡਾ ਸਾਹ ਲਿਆ। ਫੇਰ ਮੇਰੇ ਮੂੰਹੋਂ ਇਹ ਨਿਕਲਿਆ ਕਿ ਇਹ ਆਵਾਜ਼ ਤਾਂ ਤਾਰਾ ਮੰਡਲ ਲਈ ਵੀ ਇਕ ਰਹਿਮਤ ਹੀ ਸਿਧ ਹੋਈ ਹੈ।

Digitized by Panjab Digital Library | www.panjabdigilib.org

ਫ਼ਰਿਸ਼ਤਿਆਂ ਲਈ ਰਹਿਮਤ

ਫੇਰ ਮੇਰੀ ਨਜ਼ਰ ਹੋਰ ਵੀ ਉੱਚੀ ਹੋਈ। ਮੈਂ ਖਿਆਲੀ ਦੁਨੀਆਂ ਰਾਹੀਂ ਅਕਾਸ਼ ਵਿਚ ਇਕ ਰਚਨਾ ਵੇਖੀ, ਜੋ ਅਤਿ ਸੁੰਦਰ ਤੇ ਵੱਡੀ ਪਵਿੱਤਰ ਸੀ। ਮੈਂ ਪਹਿਲਾਂ ਵੀ ਕਈ ਵਾਰ ਕਸ਼ਫ਼ੀ ਦੁਨੀਆ ਰਾਹੀਂ ਓਹਨਾਂ ਦੇ ਦਰਸ਼ਨ-ਦੀਦਾਰ ਕੀਤੇ ਹੋਏ ਸਨ। ਮੈਂ ਇਸ ਖਿਆਲੀ ਜਗਤ ਵਿਚ ਓਹਨਾਂ ਦੀਆਂ ਸ਼ਕਲਾਂ ਉਹੋ ਜਹੀਆਂ ਹੀ ਵੇਖੀਆਂ। ਓਹ ਮੈਨੂੰ ਵੱਡੇ ਸਿੱਧੇ-ਸਾਧੇ ਤੇ ਭੋਲੇ-ਭਾਲੇ ਦਿਸਦੇ ਸਨ। ਓਹਨਾਂ ਦੇ ਸਰੀਰ ਸੂਖਮ ਸਨ, ਜਿਨ੍ਹਾਂ ਨੂੰ ਦਿਵ ਦ੍ਰਿਸ਼ਟੀ ਜਾਂ ਗਿਆਨ ਨੇਤਰਾਂ ਦੁਆਰਾ ਹੀ ਵੇਖਿਆ ਜਾ ਸਕਦਾ ਹੈ। ਓਹ ਪਵਿੱਤਰ ਸੂਰਤ ਤੇ ਪਾਕ ਸੀਰਤ ਸਨ ਅਤੇ ਵੱਡੇ ਮਿਹਨਤੀ ਤੇ ਕਾਮੇ ਸਨ। ਓਹਨਾਂ ਨੂੰ ਸਮੇਂ ਦੇ ਆਉਣ-ਜਾਣ ਦਾ ਕੋਈ ਚਿਤ-ਚੇਤਾ ਨਹੀਂ ਸੀ। ਓਹਨਾਂ ਦੀ ਹਰ ਘੜੀ ਤੇ ਹਰ ਪਲ ਓਹਨਾਂ ਦੇ ਮਾਲਕ ਦੀ ਸੇਵਾ ਲਈ ਹੀ ਅਰਪਣ ਸੀ। ਓਹ ਜਾਣੋ ਮਸ਼ੀਨਾਂ ਸਨ, ਜੋ ਆਪਣੇ ਮਾਲਕ ਦੇ ਇਸ਼ਾਰਿਆਂ ਤੇ ਚਲ ਰਹੀਆਂ ਸਨ। ਮੈਂ ਆਪਣੇ ਗਿਆਨ ਨੇਤਰਾਂ ਦੁਆਰਾ ਇਹ ਵੇਖਿਆ ਕਿ ਓਹਨਾਂ ਦੇ ਸੋਹਣੇ ਸੋਹਣੇ ਮੁਖੜਿਆਂ ਤੇ ਮੁਰਦਿਹਾਣ ਦੇ ਚਿੰਨ੍ਹ ਦਿਸਦੇ ਸਨ। ਓਹਨਾਂ ਦੀ ਤਾਜ਼ਗੀ ਵਿਚ ਵੀ ਸੋਨੇ ਦੀ ਝਲਕ ਨਜ਼ਰ ਆਉਂਦੀ ਸੀ। ਮੈਂ ਇਸ ਦਾ ਕਾਰਣ ਢੂੰਡਣਾ ਚਾਹਿਆ, ਪਰ ਅਕਾਸ਼ ਤੇ ਕੋਈ ਗੱਲ ਨਾ ਲੱਭੀ, ਜੋ ਇਸ ਦਾ ਕਾਰਣ ਹੁੰਦੀ। ਓਹਨਾਂ ਦਾ ਸੁਆਮੀ ਓਹਨਾਂ ਤੇ ਖੁਸ਼ ਸੀ ਤੇ ਓਹ ਆਪਣੇ ਸੁਆਮੀ ਤੇ ਪ੍ਰਸੰਨ ਸਨ। ਫੇਰ ਮੈਂ ਸੋਚਿਆ ਕਿ ਓਹਨਾਂ ਦੀ ਇਸ ਮੁਰਦਿਹਾਣ ਦਾ ਕਾਰਣ ਕੀ ਹੈ ? ਮੈਂ ਮੁੜ ਧਰਤੀ ਵਲ ਝਾਤ ਮਾਰੀ। ਉਥੇ ਇਕ ਦਿਲ-ਕੰਬਾਊ ਦ੍ਰਿਸ਼ ਵੇਖਿਆ। ਮੈਂ ਵੱਡੇ ਵੱਡੇ ਤੇ ਉੱਚੇ ਉੱਚ ਕਈ ਮੰਦਰ ਵੇਖੇ, ਜੋ ਏਹਨਾਂ ਆਗਿਆਕਾਰੀ

Digitized by Panjab Digital Library | www.panjabdigilib.org

ਤੇ ਹੁਕਮੀ-ਬੰਦਿਆਂ (ਫ਼ਰਿਸ਼ਤਿਆਂ) ਦੇ ਨਾਵਾਂ ਤੇ ਬਣਾਏ ਗਏ ਸਨ । ਮੈਂ ਏਹਨ ਦੀਆਂ ਮੂਰਤੀਆਂ ਵੇਖੀਆਂ, ਜਿਨ੍ਹਾਂ ਦੀ ਲੋਕ ਪੂਜਾ ਕਰਦੇ ਸਨ । ਮੈਂ ਅਨੇਕਾਂ ਰਿਸ਼ਟ-ਪੁਸ਼ਟ ਤੇ ਵੱਡੇ ਵੱਡੇ ਜ਼ੁਬਾ-ਪੋਸ਼ ਲੋਕ ਵੇਖੇ, ਜੋ ਵੱਡੀਆਂ ਗੰਭੀਰ ਸ਼ਕਲਾਂ ਬਣਾਈ ਇਹ ਪਰਗਟ ਕਰਨਾ ਚਾਹੁੰਦੇ ਸਨ, ਜਾਣੋ ਸਾਰੇ ਸੰਸਾਰ ਦਾ ਗਿਆਨ ਇਕੱਠਾ ਹੋ ਕੇ ਓਹਨਾਂ ਦੇ ਦਿਮਾਗ਼ਾਂ ਵਿਚ ਸਮਾ ਗਿਆ ਹੈ — ਓਹ ਆਪਣੇ ਆਲੇ ਦੁਆਲੇ ਬੈਠੇ ਲੋਕਾਂ ਨੂੰ ਇਕ ਵੱਡੇ ਭੇਤ ਦੀ ਗੱਲ ਦਸਣਾ ਚਾਹੁੰਦੇ ਹਨ — ਅਜੇਹੀ ਗੱਲ ਕਿ ਜਿਸ ਨੂੰ ਦੂਜੇ ਲੋਕ ਸਾਰੀ ਉਮਰ ਦੀ ਖੋਜ-ਪੜਤਾਲ ਤੇ ਵਰ੍ਹਿਆਂ ਬਧੀ ਤਪੱਸਿਆ ਕਰਨ ਮਗਰੋਂ ਵੀ ਪ੍ਰਾਪਤ ਨਹੀਂ ਕਰ ਸਕਦੇ। ਓਹ ਇਹ ਆਖ ਰਹੇ ਸਨ ਕਿ :—

> "ਏਹ ਫ਼ਰਿਸ਼ਤੇ ਵਾਸਤਵ ਵਿਚ ਪ੍ਰਭੂ ਦੀਆਂ ਧੀਆਂ ਹਨ। ਕਿਸੇ ਨੇ ਜੇ ਕੋਈ ਕਾਰਜ ਪ੍ਰਭੂ ਤੋਂ ਸਿਧ ਕਰਵਾਉਣਾ ਹੋਵੇ, ਤਾਂ ਉਸ ਦਾ ਸੌਖਾ ਢੰਗ ਇਹ ਹੈ ਕਿ ਪ੍ਰਭੂ ਦੀਆਂ ਏਹਨਾਂ ਧੀਆਂ ਨੂੰ ਵਸ ਵਿਚ ਕੀਤਾ ਜਾਵੇ।"

ਓਹ ਆਪਣੇ ਵੱਲੋਂ ਲੋਕਾਂ ਨੂੰ ਅਜੇਹੇ ਜਪ-ਤਪ ਤੇ ਜੰਤਰ-ਮੰਤਰ ਦਸ ਰਹੇ ਸਨ, ਜਿਨ੍ਹਾਂ ਰਾਹੀਂ ਫ਼ਰਿਸ਼ਤਿਆਂ ਨੂੰ ਆਪਣੇ ਵਸ ਵਿਚ ਕੀਤਾ ਜਾ ਸਕਦਾ ਸੀ। ਓਹਨਾਂ ਦੀਆਂ ਇਹ ਗੱਲਾਂ ਸੁਣ ਸੁਣ ਕੇ ਲੋਕਾਂ ਦੇ ਮੂੰਹ ਪ੍ਰਸੰਨਤਾ ਨਾਲ ਦਮਕ ਰਹੇ ਸਨ। ਓਹ ਇਸ ਗਿਆਨ ਦਾ ਭੰਡਾਰ ਲੁਟਾਉਣ ਵਾਲਿਆਂ ਤੋਂ ਤਨੋਂ ਮਨੋਂ ਨਿਛਾਵਰ ਹੋ ਰਹੇ ਸਨ। ਫੇਰ ਮੇਰੀ ਨਜ਼ਰ ਇਕ ਹੋਰ ਪਾਸੇ ਵਲ ਗਈ। ਮੈਂ ਇਹ ਵੇਖਿਆ ਕਿ ਉਸੇ ਤਰ੍ਹਾਂ ਦੇ ਕਈ ਜ਼ੁਬਾ-ਪੋਸ਼ ਆਪਣੇ ਸ਼ਰਧਾਲੂਆਂ ਦੇ ਝੁਰਮਟ ਵਿਚ ਇਕ ਖੂਹ ਲਾਗੇ ਖੜੇ ਹੋ ਕੇ ਭੇਤ ਭਰੀਆਂ ਗੱਲਾਂ ਕਰ ਰਹੇ ਹਨ। ਓਹ ਲੋਕਾਂ ਨੂੰ ਇਉਂ ਦਸ ਰਹੇ ਹਨ; ਜਿਵੇਂ ਕੋਈ ਵੱਡੀ ਭੇਤ ਭਰੀ ਗੱਲ ਕਹੀ ਜਾਂਦੀ ਹੈ ਕਿ ਇਸ ਖੂਹ ਵਿਚ "ਹਾਰੂਤ" ਤੇ "ਮਾਰੂਤ" ਨਾਂ ਦੇ ਦੋ ਫ਼ਰਿਸ਼ਤੇ ਇਕ ਵਿਭਚਾਰਣ ਤੀਵੀਂ ਨਾਲ ਪ੍ਰੇਮ ਕਰਨ ਦੇ ਦੋਸ਼ ਵਿਚ ਕੈਦ ਕੀਤੇ ਗਏ ਸਨ। ਕਈ ਜ਼ੁਬਾ-ਪੋਸ਼ ਤਾਂ ਇਸ ਤੇ ਵੱਡਾ ਜ਼ੋਰ ਦੇ ਰਹੇ ਸਨ ਕਿ ਓਹ ਅਜੇ ਵੀ ਇਸ ਥਾਂ ਕੈਦ ਹਨ। ਕਈ ਇਹ ਆਖ ਰਹੇ ਸਨ ਕਿ ਓਹਨਾਂ

Digitized by Panjab Digital Library | www.panjabdigilib.org

ਦੇ ਕਿਸੇ ਗੁਰੂ ਨੇ ਓਹਨਾਂ ਨੂੰ ਪੁੱਠੇ ਲਟਕਿਆਂ ਹੋਇਆਂ ਵੀ ਵੇਖਿਆ ਹੈ, ਜਿਸ ਨੂੰ ਸੁਣ ਕੇ ਕਈ ਸ਼ਰਧਾਲੂਆਂ ਨੂੰ ਝਰਨਾਟ ਛਿੜ ਜਾਂਦੀ ਸੀ। ਇਸ ਤੇ ਮੈਂ ਇਹ ਅਨੁਭਵ ਕੀਤਾ ਕਿ ਮਨੁੱਖ-ਜਾਤੀ ਦੇ ਪਾਪਾਂ ਨੇ ਫ਼ਰਿਸ਼ਤਿਆਂ ਨੂੰ ਵੀ ਨਹੀਂ ਛੱਡਿਆ। ਮੈਂ ਇਸੇ ਹੀ ਹੈਰਾਨੀ ਵਿਚ ਗਲਤਾਨ ਸੀ ਕਿ ਫੇਰ ਮੈਂ ਉਹੋ ਪਿਆਰੀ ਤੇ ਪ੍ਰਭਾਵਸ਼ਾਲੀ, ਅਰਥਾਤ ਪਿਆਰ ਤੇ ਜਲਾਲ ਭਰਪੂਰ ਅਵਾਜ਼ ਸੁਣੀ। ਉਸ ਨੇ ਇਹ ਆਖਿਆ ਕਿ :—

> "ਫ਼ਰਿਸ਼ਤੇ ਪ੍ਰਭੂ ਦੇ ਹੁਕਮੀ-ਬੰਦੇ ਹਨ। ਉਸ ਦੀਆਂ ਧੀਆਂ ਨਹੀਂ ਹਨ। ਓਹ ਪ੍ਰਭੂ ਦੇ ਪੂਰਣ ਆਗਿਆਕਾਰੀ ਹਨ। ਓਹ ਕਦੇ ਵੀ ਉਸ ਦੀ ਕਿਸੇ ਆਗਿਆ ਦਾ ਉਲੰਘਣ ਨਹੀਂ ਕਰ ਸਕਦੇ।"

ਮੈਂ ਇਹ ਅਨੁਭਵ ਕੀਤਾ ਕਿ ਇਸ ਤੇ ਲੋਕਾਂ ਵਿਚ ਮੁੜ ਜਾਗਰਤਾ ਆ ਗਈ। ਚੋਖੇ ਲੋਕ ਅਗਿਆਨਤਾ ਤੋਂ ਬਾਹਰ ਆ ਗਏ ਅਤੇ ਆਪਣੇ ਪਹਿਲੇ ਸਿੱਧਾਂਤਾਂ ਤੇ ਵੱਡੇ ਸ਼ਰਮਿੰਦੇ ਹੋਏ। ਕਈ ਉੱਚੇ ਉੱਚੇ ਮੰਦਰ, ਜੋ ਪ੍ਰਭੂ ਦੀਆਂ ਧੀਆਂ ਦੇ ਨਾਂ ਤੇ ਬਣਾਏ ਗਏ ਸਨ, ਓਹਨਾਂ ਨੇ ਆਪਣੇ ਹੱਥੀਂ ਢਹਿ-ਢੇਰੀ ਕਰ ਦਿੱਤੇ ਅਤੇ ਓਹਨਾਂ ਦੀ ਥਾਂ ਇੱਕੋਇਕ ਪ੍ਰਭੂ ਦੇ ਪੂਜਾ ਅਸਥਾਨ ਉਸਾਰ ਦਿੱਤੇ। ਓਹ ਖੂਹ — ਜੋ ਫ਼ਰਿਸ਼ਤਿਆਂ ਦੇ ਪਾਪਾਂ ਦੀ ਯਾਦਗਾਰ ਸਨ, ਉੱਕੇ ਹੀ ਉਜੜ ਗਏ। ਯਾਤਰੀਆਂ ਨੇ ਓਹਨਾਂ ਦੀ ਯਾਤਰਾ ਕਰਨੀ ਤਿਆਗ ਦਿੱਤੀ।

ਮੈਂ ਇਹ ਵੇਖਿਆ ਕਿ ਹੁਣ ਫ਼ਰਿਸ਼ਤੇ ਵੱਡੇ ਪ੍ਰਸੰਨ ਸਨ। ਜਾਣੋ, ਓਹਨਾਂ ਦੇ ਸੂਛ ਬਸਤਰਾਂ ਤੇ ਜੋ ਛਿੱਟਾਂ ਪੈ ਗਈਆਂ ਸਨ, ਓਹਨਾਂ ਨੂੰ ਧੋਣ ਵਾਲੇ ਧੋ ਦਿੱਤਾ ਸੀ। ਇਸ ਤੇ ਮੇਰੇ ਦਿਲ ਵਿਚੋਂ ਮੁੜ ਇਕ ਆਹ ਨਿਕਲੀ ਤੇ ਮੈਂ ਇਹ ਕਿਹਾ ਕਿ ਇਹ ਆਵਾਜ਼ ਤਾਂ ਏਹਨਾਂ ਫ਼ਰਿਸ਼ਤਿਆਂ ਲਈ ਵੀ ਇਕ ਰਹਿਮਤ ਹੀ ਸਿਧ ਹੋਈ ਹੈ।

Digitized by Panjab Digital Library | www.panjabdigilib.org

ਸਮੇਂ ਲਈ ਰਹਿਮਤ

ਇੱਥੋਂ ਹਟ ਕੇ ਮੇਰਾ ਧਿਆਨ ਸਮੇਂ (ਕਾਲ) ਵਲ ਚਲਾ ਗਿਆ। ਮੈਂ ਇਹ ਵਿਚਾਰਿਆ ਕਿ ਸਮਾਂ ਕਿੰਨਾ ਵਿਸ਼ਾਲ ਹੈ ? ਕਦੋਂ ਤੋਂ ਸਾਰੇ ਫ਼ਰਿਸ਼ਤੇ ਆਪਣੇ ਰੁਝੇਵਿਆਂ ਵਿਚ ਰੁਝੇ ਹੋਏ ਹਨ ? ਕਦੋਂ ਤੋਂ ਸੂਰਜ, ਚੰਨ ਤੇ ਤਾਰੇ ਆਦਿ ਆਪੋ ਆਪਣੇ ਫ਼ਰਜ਼ ਅਦਾ ਕਰ ਰਹੇ ਹਨ ? ਇਹ ਕਿਹੜਾ ਦਸ ਸਕਦਾ ਹੈ ਕਿ ਸਮਾਂ ਜੋ ਕੁਝ ਵੀ ਹੈ, ਉਸ ਨੇ ਕਿੰਨੀਆਂ ਅਦਲਾ-ਬਦਲੀਆਂ ਤੇ ਵਟਾਉ-ਸਟਾਉ ਵੇਖੇ ਹਨ ? ਕਿਸ ਤਰ੍ਹਾਂ ਤੇ ਕਦੋਂ ਤੋਂ ਹਰੇਕ ਦੁਖ-ਸੁਖ ਦਾ ਨਾਪ-ਤੋਲ ਕਰਦਾ ਚਲਾ ਆ ਰਿਹਾ ਹੈ ? ਜੇ ਇਹ ਸੁਰਜੀਵ ਹੁੰਦਾ, ਤਾਂ ਇਕ ਬੇਅੰਤ ਲੰਮੇ ਸਮੇਂ ਤੋਂ ਪ੍ਰਭੂ ਦੀ ਰਚਨਾ ਦੀ ਸੇਵਾ ਵਿਚ ਜੁੱਟੇ ਰਹਿਣ ਦੇ ਕਾਰਣ ਇਸ ਨੂੰ ਕਿੰਨਾ ਮਾਣ ਪ੍ਰਾਪਤ ਹੁੰਦਾ ? ਮੈਂ ਇਸੇ ਹੀ ਸੋਚ ਵਿਚ ਸੀ ਕਿ ਮੈਨੂੰ ਸਮੇਂ ਦੇ ਸੋਹਣੇ ਮੁਖੜੇ ਤੇ ਵੀ ਦਾਗ਼ ਨਜ਼ਰ ਆਉਣ ਲੱਗੇ। ਮੈਂ ਕਈਆਂ ਨੂੰ ਇਹ ਕਹਿੰਦਿਆਂ ਹੋਇਆਂ ਸੁਣਿਆ ਕਿ :—

> "ਕਾਲ (ਸਮਾਂ) ਵੀ ਅਕਾਲ ਹੈ। ਇਹ ਵੀ ਪ੍ਰਭੂ ਵਾਂਗ ਹੀ ਅਨਾਦੀ ਹੈ। ਇਸ ਦਾ ਵੀ ਨਾ ਆਦਿ ਹੈ ਤੇ ਨਾ ਅੰਤ।"

ਕਈਆਂ ਦੇ ਮੂੰਹੋਂ ਮੈਂ ਇਹ ਵੀ ਸੁਣਿਆ ਕਿ :—

> "ਕਾਲ (ਸਮਾਂ) ਵੱਡਾ ਕਸਾਈ ਹੈ। ਇਸ ਨੇ ਸਾਡਾ ਅਮਕਾ ਸੰਬੰਧੀ ਮਾਰ ਦਿੱਤਾ ਹੈ।"

ਕਈ ਇਹ ਆਖਦੇ ਸਨ ਕਿ :—

> "ਕਾਲ ਵੱਡਾ ਭੈੜਾ ਹੈ। ਇਸ ਨੇ ਸਾਡੇ ਉਤੇ ਅਮਕੀ ਸਾੜ੍ਹ ਸਤੀ ਆਂਦੀ ਹੈ।"

Digitized by Panjab Digital Library | www.panjabdigilib.org

ਮੈਂ ਓਹਨਾਂ ਦੀਆਂ ਏਹ ਗੱਲਾਂ ਸੁਣ ਕੇ ਇਹ ਕਿਹਾ ਕਿ :—

"ਜੇ ਸਮਾਂ ਸੁਰਜੀਵ ਵਸਤੂ ਹੁੰਦਾ, ਤਾਂ ਓਹ ਏਹ ਗੱਲਾਂ ਸੁਣ ਕੇ ਵੱਡਾ ਗੁੱਸਾ ਮਨਾਉਂਦਾ।"

ਪਰ ਇੰਨੇ ਨੂੰ ਫੇਰ ਉਹੋ ਪਿਆਰੀ ਆਵਾਜ਼ ਉੱਚੀ ਹੋਈ ਤੇ ਉਸ ਨੇ ਇਹ ਕਿਹਾ ਕਿ :—

"ਜੋ ਲੋਕ ਇਹ ਕਹਿੰਦੇ ਹਨ ਕਿ ਕਾਲ (ਸਮਾਂ) ਸਾਡੇ ਬੰਦਿਆਂ ਨੂੰ ਮਾਰਦਾ ਤੇ ਨਸ਼ਟ ਕਰਦਾ ਹੈ, ਉਹ ਵੱਡੀ ਭੁੱਲ ਵਿਚ ਹਨ। ਓਹਨਾਂ ਨੂੰ ਤਤ ਦਾ ਕੋਈ ਥਹੁ-ਪਤਾ ਨਹੀਂ। ਮਾਰਣਹਾਰ ਤੇ ਜੀਵਾਲਣਹਾਰ ਇੱਕੋ ਇਕ ਪ੍ਰਭੂ ਹੀ ਹੈ। ਉਹ ਜਦ ਤਕ ਕਿਸੇ ਚੀਜ਼ ਨੂੰ ਜੀਵਨ ਬਖਸ਼ਦਾ ਹੈ, ਉਹ ਜ਼ਿੰਦਾ ਰਹਿੰਦੀ ਹੈ। ਕਾਲ ਉਸ ਦੇ ਨਾਲ ਇਕ ਕੈਫ਼ੀਅਤ ਵਾਂਗ ਹੈ।"

ਇਸ ਦੇ ਨਾਲ ਹੀ ਉਸ ਨੇ ਇਹ ਵੀ ਆਖਿਆ ਕਿ :

"ਕਾਲ ਪ੍ਰਭੂ ਦੇ ਗੁਣਾਂ ਦਾ ਇਕ ਪਰਗਟਾਅ ਹੈ। ਸੋ ਤੁਸੀਂ ਜੋ ਬੁਰਾ-ਭਲਾ ਉਸ ਨੂੰ ਕਹਿੰਦੇ ਹੋ, ਉਹ ਵਾਸਤਵ ਵਿਚ ਪ੍ਰਭੂ ਨੂੰ ਹੀ ਕਹਿ ਰਹੇ ਹੋ।"

ਮੇਰਾ ਹਿਰਦਾ ਇਸ ਆਵਾਜ਼ ਵਾਲੇ ਦੇ ਹੋਰ ਵੀ ਨੇੜੇ ਹੋ ਗਿਆ। ਮੈਂ ਵੱਡੇ ਪਿਆਰ ਤੇ ਸਤਿਕਾਰ ਭਰੇ ਦਿਲ ਨਾਲ ਇਹ ਕਿਹਾ ਕਿ ਇਹ ਆਵਾਜ਼ ਤਾਂ ਸਮੇਂ ਲਈ ਵੀ ਰਹਿਮਤ ਹੀ ਸਿਧ ਹੋਈ ਹੈ।

Digitized by Panjab Digital Library | www.panjabdigilib.org

ਧਰਤੀ ਲਈ ਰਹਿਮਤ

ਕਾਲ (ਸਮੇਂ) ਤੋਂ ਹਟ ਕੇ ਮੇਰਾ ਧਿਆਨ ਧਰਤੀ ਵਲ ਹੋ ਗਿਆ। ਮੈਂ ਇਹ ਵਿਚਾਰਿਆ ਕਿ ਸਾਡਾ ਇਹ ਮੰਡਲ ਦੂਜੇ ਮੰਡਲਾਂ ਨਾਲੋਂ ਘੱਟ ਸੁੰਦਰ ਨਹੀਂ; ਸਗੋਂ ਵੇਖਣ ਨੂੰ ਕਈ ਗੱਲਾਂ ਵਿਚ ਓਹਨਾਂ ਨਾਲੋਂ ਵਧੇਰੇ ਸੁਹਾਵਣਾ ਜਾਪਦਾ ਹੈ; ਕਿਉਂਕਿ ਉੱਥੋਂ ਤਾਂ ਸਾਨੂੰ ਕੇਵਲ ਚਾਨਣਾ ਹੀ ਪ੍ਰਾਪਤ ਹੁੰਦਾ ਹੈ। ਪਰ ਇੱਥੇ ਚਾਨਣੇ ਤੋਂ ਛੁੱਟ ਕਈ ਤਰ੍ਹਾਂ ਦੀ ਹਰਿਆਵਲ, ਰੰਗ ਬਰੰਗੇ ਦ੍ਰਿਸ਼; ਫੁੱਲਾਂ ਨਾਲ ਢਕੇ ਹੋਏ ਪਹਾੜ; ਨਚਦੀਆਂ ਟਪਦੀਆਂ ਵਗਦੀਆਂ ਨਦੀਆਂ; ਉਛਲਦੇ ਹੋਏ ਸੋਮੇ; ਠੰਡੀਆਂ ਛਾਵਾਂ ਵਾਲੀਆਂ ਘਾਟੀਆਂ; ਫਲਾਂ ਨਾਲ ਲੱਦੇ ਹੋਏ ਰੁਖ, ਫੁੱਲਾਂ ਦੀਆਂ ਭਰੀਆਂ ਫੁਲਵਾੜੀਆਂ; ਹਰੇ ਭਰੇ ਖੇਤ; ਦਾਣਿਆਂ ਦੇ ਭਰੇ ਸਿੱਟੇ; ਚਹਿਕਦੇ ਪੰਛੀ; ਨੱਚਦੇ ਟਪਦੇ ਤੇ ਦੌੜਾਂ ਲਾਉਂਦੇ ਪਸ਼ੂ; ਤੇ ਹੋਰ ਪਤਾ ਨਹੀਂ ਕੀ ਕੀ ਕੁਝ ਭਰਿਆ ਪਿਆ ਹੈ। ਮੈਨੂੰ ਇਸ ਸਮੇਂ ਇਹ ਧਰਤੀ ਅਜੇਹੀ ਸੋਹਣੀ ਤੇ ਮਨਮੋਹਣੀ ਭਾਸੀ ਕਿ ਮੈਂ ਪਾੜੂ ਜਾਨਵਰਾਂ; ਵਿਹੁਲੇ ਸੱਪਾਂ ਤੇ ਬਿੱਛੂਆਂ ਅਤੇ ਹੋਰ ਅਨੇਕਾਂ ਜ਼ਹਿਰੀਲੇ ਕੀੜੇ-ਮਕੌੜਿਆਂ ਅਥਵਾ ਮੱਛਰਾਂ, ਮੱਖੀਆਂ ਤੇ ਪਲੇਗ ਦੇ ਚੂਹਿਆਂ ਆਦਿ ਵਿਚ ਵੀ ਸੁੰਦਰਤਾ ਹੀ ਸੁੰਦਰਤਾ ਵੇਖੀ। ਮੈਂ ਇਹ ਵਿਚਾਰਿਆ ਕਿ ਨਿਰਸੰਦੇਹ ਸ਼ੇਰ ਇਕ ਪਾੜੂ ਜਾਨਵਰ ਹੈ। ਕਈ ਵਾਰ ਇਹ ਮਨੁੱਖਾਂ ਨੂੰ ਚੀਰ ਪਾੜ ਕੇ ਆਪਣਾ ਖਾਜਾ ਬਣਾ ਲੈਂਦਾ ਹੈ। ਪਰ ਜੇ ਸ਼ੇਰ ਨਾ ਹੁੰਦਾ, ਤਾਂ "ਸ਼ੇਰਿ ਅਫ਼ਗਨ" ਕਿੱਥੋਂ ਆਉਂਦੇ? ਜੇ ਬਹਾਦਰ ਸ਼ੇਰ ਮਨੁੱਖਾਂ ਦੀ ਬਹਾਦੁਰੀ ਦੀ ਪਰਖ ਲਈ ਨਾ ਹੁੰਦਾ, ਤਾਂ ਸਾਡੇ ਕੋਲ ਦਲੇਰੀ ਦੀ ਪਰਖ ਦੀ ਇਹੋ ਇੱਕੋ ਘਸਵਟੀ ਰਹਿ ਜਾਂਦੀ ਕਿ ਲੋਕ ਇਕ ਦੂਜੇ ਤੇ ਹੱਲਾ ਬੋਲ ਕੇ ਆਪਣੀ ਬਹਾਦੁਰੀ ਦਾ ਪਰਗਟਾਅ ਕਰਦੇ। ਇਹ ਜਾਨਵਰ ਤਾਂ

Digitized by Panjab Digital Library | www.panjabdigilib.org

ਜੀਉਂਦਾ ਹੀ ਨਹੀਂ; ਸਗੋਂ ਮਰ ਕੇ ਵੀ ਸਾਡੇ ਕਈ ਕਾਰਜ ਸੁਆਰਦਾ ਹੈ। ਇਸ ਦੀ ਚਰਬੀ, ਨਹੁੰ ਤੇ ਖਲ ਕਈ ਔਖਧੀਆਂ ਤੇ ਸਜਾਵਟਾਂ ਵਿਚ ਵਰਤੀ ਜਾਂਦੀ ਹੈ।

ਮੈਨੂੰ ਸੱਪ ਦੇ ਜ਼ਹਿਰ ਤੋਂ ਕਈ ਗੁਣਾਂ ਵਧੀਕ ਉਸ ਦੇ ਮਾਸ ਦੇ ਲਾਭ ਨਜ਼ਰ ਆਉਣ ਲੱਗੇ। ਮੈਂ ਇਹ ਸੋਚਿਆ ਕਿ ਜੇ ਇਹ ਸੱਪ ਨਾ ਹੁੰਦਾ, ਤਾਂ ਸਾਡੇ ਵੈਦ ਵਿਹੁਲੀਆਂ ਗੋਲੀਆਂ ਕਿਵੇਂ ਬਣਾਉਂਦੇ ? ਜੇ ਇਹ ਬਿੱਛੂ ਨਾ ਹੁੰਦਾ, ਤਾਂ ਗੁਰਦਿਆਂ ਦੀਆਂ ਪੱਥਰੀਆਂ ਦੇ ਰੋਗੀ ਅਪ੍ਰੇਸ਼ਨ ਤੋਂ ਬਿਨਾਂ ਕਿਵੇਂ ਅਰੋਗਤਾ ਪ੍ਰਾਪਤ ਕਰਦੇ ? ਮੈਨੂੰ ਮੱਛਰ ਖ਼ਤਰੇ ਦੀ ਘੰਟੀ ਜਾਪਿਆ। ਬੇਚਾਰਾ ਤੁਛ ਜੇਹਾ ਜੀਵ ਕਿਵੇਂ ਰਾਤ ਦਿਨ ਸਾਨੂੰ ਖ਼ਬਰਦਾਰ ਕਰਦਾ ਤੇ ਇਹ ਦਸਦਾ ਰਹਿੰਦਾ ਹੈ ਕਿ ਤੁਹਾਡੇ ਘਰਾਂ ਦੀਆਂ ਨਾਲੀਆਂ ਗੰਦੀਆਂ ਰਹਿੰਦੀਆਂ ਹਨ । ਤੁਹਾਡੇ ਸ਼ਹਿਰ ਦੀਆਂ ਮੋਰੀਆਂ ਵਿਚ ਗੰਦ ਭਰਿਆ ਰਹਿੰਦਾ ਹੈ। ਲੋਕ ਪਾਣੀ ਜੇਹੀ ਬਹੁਮੁੱਲੀ ਚੀਜ਼ ਨੂੰ ਅਜਾਈਂ ਗੁਆਉਂਦੇ ਹਨ। ਗੱਲ ਕੀ, ਮੱਛਰ ਸਾਨੂੰ ਦਿਨ ਰਾਤ ਸਾਡੇ ਫਰਜ਼ਾਂ ਵਲ ਪ੍ਰੇਰਨਾ ਦਿੰਦੇ ਹਨ। ਜਦ ਅਸੀਂ ਫੇਰ ਵੀ ਲਾਪਰਵਾਹੀ ਵਰਤਦੇ ਹਾਂ, ਤਾਂ ਓਹ ਗੁੱਸੇ ਵਿਚ ਆ ਕੇ ਸਾਨੂੰ ਡੰਗ ਮਾਰਦੇ ਹਨ। ਮੱਛਰਾਂ ਤੋਂ ਇੰਨੀਆਂ ਬੀਮਾਰੀਆਂ ਪੈਦਾ ਨਹੀਂ ਹੁੰਦੀਆਂ, ਜਿੰਨੀਆਂ ਕਿ ਗੰਦੀਆਂ ਨਾਲੀਆਂ ਦੀ ਦੁਰਗੰਧੀ ਤੋਂ, ਗੰਦਗੀ ਦੇ ਢੇਰਾਂ ਤੋਂ ਤੇ ਅੰਨ੍ਹੇਵਾਹ ਰੋੜ੍ਹੇ ਗਏ ਪਾਣੀਆਂ ਤੋਂ। ਸੋ ਗੱਲ ਕੀ, ਮੈਨੂੰ ਤਾਂ ਹਰੇਕ ਚੀਜ਼ ਵਿਚ ਉਸ ਦੇ ਸਾਜਨਹਾਰ (ਪ੍ਰਭੂ) ਦਾ ਸੁਹੱਪਣ ਹੀ ਨਜ਼ਰ ਆਉਣ ਲੱਗਾ, ਅਰਥਾਤ ਮੈਨੂੰ ਇਸ ਧਰਤੀ ਦੇ ਹਰੇਕ ਕਿਣਕੇ ਵਿਚੋਂ ਅਨਾਦੀ ਪ੍ਰੀਤਮ ਦਾ ਰੂਪ ਹੀ ਦਿੱਸਣ ਲੱਗਾ। ਪਰ ਅਚਣਚੇਤ ਮੇਰਾ ਧਿਆਨ ਇਸ ਧਰਤੀ ਦੀਆਂ ਆਬਾਦੀਆਂ ਵਲ ਚਲਾ ਗਿਆ । ਮੈਂ ਇਹ ਵੇਖਿਆ ਕਿ ਕਈ ਲੋਕ ਪਹਾੜਾਂ; ਰੁੱਖਾਂ, ਪੱਥਰਾਂ, ਦਰਿਆਵਾਂ ਤੇ ਪਸ਼ੂਆਂ ਦੀ ਪੂਜਾ ਵਿਚ ਰੁਝੇ ਹੋਏ ਹਨ। ਓਹ ਦਾਤਾਰ ਦਾ ਤਿਆਗ ਕਰ ਕੇ ਦਾਤਾਂ ਤੋਂ ਹੀ ਨਿਛਾਵਰ ਹੋ ਰਹੇ ਹਨ। ਮੇਰਾ ਮਨ ਰੰਜ ਨਾਲ ਭਰ ਗਿਆ। ਮੇਰੇ ਦਿਲ ਵਿਚ ਵੱਡੀ ਘ੍ਰਿਣਾ ਪੈਦਾ ਹੋ ਗਈ। ਮੈਨੂੰ ਸ਼ੇਰ, ਸੱਪ ਤੇ ਬਿੱਛੂ ਤਾਂ ਅੱਡ ਰਹੇ ਸੁਅਛ ਪਾਣੀ ਵਿਚ ਵੀ ਲੱਖਾਂ ਭਿਆਨਕ ਕੀੜੇ-ਮਕੌੜੇ ਦਿੱਸਣ ਲਗ ਪਏ। ਹਰਿਆਵਲੇ ਖੇਤਾਂ ਵਿਚੋਂ

Digitized by Panjab Digital Library | www.panjabdigilib.org

ਵੀ ਵੱਡੀ ਦੁਰਗੰਧੀ ਆਉਣ ਲਗ ਪਈ । ਮੈਨੂੰ ਇਉਂ ਭਾਸਿਆ ਕਿ ਇਹ ਧਰਤੀ ਤਾਂ ਇਕ ਦਿਨ ਲਈ ਰਹਿਣ ਦੇ ਯੋਗ ਨਹੀਂ। ਮੈਂ ਇਹ ਜਾਤਾ ਕਿ ਇੱਥੋਂ ਦੀ ਹਰੇਕ ਚੀਜ਼ ਮੁਰਦਾ ਹੈ। ਇਸ ਦੇ ਨਜ਼ਾਰੇ ਉਸ ਵਿਭਚਾਰਣ ਤੀਵੀਂ ਵਾਂਗ ਹਨ, ਜਿਸ ਦਾ ਕੁਰੂਪ ਤੇ ਕੁਲੱਛਣ ਹੋਣਾ ਅਨੇਕਾਂ ਬਣਾਵਟਾਂ ਤੇ ਸਜਾਵਟਾਂ ਦੇ ਹੁੰਦਿਆ ਹੋਇਆਂ ਵੀ ਲੁਕ ਨਹੀਂ ਸਕਦਾ। ਮੈਂ ਇਸੇ ਸੋਚ ਸਮੁੰਦਰ ਵਿਚ ਡੁੱਬਾ ਹੋਇਆ ਸੀ ਕਿ ਮੁੜ ਉਹੋ ਆਵਾਜ਼ ਉੱਚੀ ਹੋਈ, ਅਰਥਾਤ ਫੇਰ ਉਹੋ ਮਿੱਠੀ ਤੇ ਦਿਲ ਵਿਚ ਧਸ ਜਾਣ ਵਾਲੀ ਆਵਾਜ਼ ਮੇਰੇ ਕੰਨੀਂ ਪਈ। ਉਸ ਨੇ ਇਹ ਕਿਹਾ ਕਿ :—

> "ਇਹ ਧਰਤੀ ਤੇ ਜੋ ਕੁਝ ਇਸ ਵਿਚਾਲੇ ਹੈ, ਉਹ ਸਾਰੇ ਦਾ ਸਾਰਾ ਹੀ ਮਨੁੱਖ ਜਾਤੀ ਦੇ ਭਲੇ ਲਈ ਹੋਂਦ ਵਿਚ ਲਿਆਂਦਾ ਗਿਆ ਹੈ। ਇਸ ਦੇ ਪਹਾੜ, ਇਸ ਦੇ ਦਰਿਆ, ਇਸ ਦੇ ਪਸ਼ੂ, ਇਸ ਦੇ ਪੰਛੀ, ਇਸ ਦੇ ਫਲ, ਇਸ ਦੇ ਅਨਾਜ, ਸਭ ਦਾ ਮਨੋਰਥ ਏਹੋ ਹੈ ਕਿ ਮਨੁੱਖ ਜਾਤੀ ਦੀ ਵਰਤੋਂ ਵਿਚ ਭਿੰਨਤਾ ਤੇ ਰਸ ਪੈਦਾ ਕੀਤਾ ਜਾਏ, ਅਰਥਾਤ ਲੋਕ ਏਹਨਾਂ ਅਮਾਨਤਾਂ ਦੀ ਸੁਚੱਜੀ ਵਰਤੋਂ ਕਰਕੇ ਆਪਣੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਦੇ ਨਿਕਟ-ਵਰਤੀ ਬਣ ਸਕਣ। ਇਸ ਧਰਤੀ ਦੀਆਂ ਵੇਖਣ ਨੂੰ ਸਾਰੀਆਂ ਹੀ ਚੰਗੀਆਂ ਤੇ ਮੰਦੀਆਂ ਵਸਤਾਂ ਮਨੁੱਖ ਜਾਤੀ ਦੀ ਪਰਖ ਲਈ ਹਨ। ਸੋ ਉਹ ਲੋਕ ਧੰਨਤਾ ਦੇ ਯੋਗ ਹਨ, ਜੋ ਏਹਨਾਂ ਤੋਂ ਲਾਭ ਉਠਾਉਂਦੇ ਹਨ ਅਤੇ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਨਿਕਟ ਵਰਤੀ ਬਣਦੇ ਹਨ।"

ਇਸ ਆਵਾਜ਼ ਦਾ ਉੱਚਾ ਹੋਣਾ ਹੀ ਸੀ — ਕਿ ਮੈਨੂੰ ਇਉਂ ਜਾਪਿਆ ਕਿ ਇਸ ਮੰਡਲ ਦੇ ਇਕ ਇਕ ਕਿਣਕੇ ਦੇ ਸਿਰੋਂ ਭਾਰ ਉਤਰ ਗਿਆ ਹੈ ਅਤੇ ਸਾਰਾ ਜਗ ਇਕ ਸਵਰਗ ਦਾ ਨਮੂਨਾ ਬਣ ਗਿਆ ਹੈ। ਇਉਂ ਮਲੂੰਮ ਹੁੰਦਾ ਸੀ — ਕਿ ਪਰਲੋਕ ਦੇ ਸਵਰਗ ਤੇ ਇਸ ਜਗ ਦੇ ਸਵਰਗ ਦੀ ਇੱਕੋ

Digitized by Panjab Digital Library | www.panjabdigilib.org

ਹੀ ਲੜੀ ਹੈ; ਹੋਰ ਕੁਝ ਵੀ ਨਹੀਂ ਹੈ। ਅਨੇਕਾਂ ਬੰਦਿਆਂ ਨੇ ਇਸ ਆਵਾਜ਼ ਨੂੰ ਸੁਣ ਕੇ ਆਪਣੀਆਂ ਪਿਛਲੀਆਂ ਭੁੱਲਾਂ ਤੇ ਪਸ਼ਚਾਤਾਪ ਕੀਤਾ ਤੇ ਸ਼ਿਰਕ ਦਾ ਤਿਆਗ ਕਰਕੇ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਲੜ ਲਗ ਗਏ। ਮੁੜ ਇਹ ਜਗ ਪ੍ਰਭੂ ਦੇ ਜਲਾਲ ਦਾ ਪਰਗਟ-ਅਸਥਾਨ ਬਣ ਗਿਆ। ਮੁੜ ਇਸ ਵਿਚ ਕਿਸੇ ਅਨਾਦੀ ਪ੍ਰੀਤਮ ਦਾ ਪ੍ਰਤਾਉ ਦਿੱਸਣ ਲਗ ਪਿਆ। ਮੈਂ ਇਕ ਠੰਡਾ ਸਾਹ ਲੈ ਕੇ ਕਿਹਾ ਕਿ ਇਹ ਆਵਾਜ਼ ਤਾਂ ਸਾਡੇ ਮੰਡਲ ਤੇ ਇਸ ਧਰਤੀ ਲਈ ਵੀ ਇਕ ਰਹਿਮਤ ਹੀ ਸਿਧ ਹੋਈ ਹੈ।

ਮਨੁੱਖਤਾ ਲਈ ਰਹਿਮਤ

ਜਦ ਮੈਂ ਸਾਰੀ ਸ੍ਰਿਸ਼ਟੀ ਵਿਚੋਂ ਮਨੁੱਖ-ਜਾਤੀ ਦੇ ਪੂਜਾ-ਪਾਠਾਂ ਵਲ ਝਾਤ ਮਾਰੀ ਤੇ ਉਸ ਦੀਆਂ ਭੁੱਲਾਂ ਦੇ ਨਾਲ ਨਾਲ ਉਸ ਦੇ ਪਸਚਾਤਾਪ ਵਲ ਵੀ ਵੇਖਿਆ, ਅਰਥਾਤ ਉਸ ਦੀਆਂ ਨਾਕਾਮੀਆਂ ਦੇ ਨਾਲ ਨਾਲ ਉਸ ਦੇ ਲਗਾਤਾਰ ਜਤਨਾਂ ਦੀ ਪੜਤਾਲ ਕੀਤੀ, ਤਾਂ ਮੇਰਾ ਮਨ ਖਿੜ ਗਿਆ। ਮੈਂ ਇਹ ਆਖਿਆ ਕਿ ਇਸ ਸੁੰਦਰ ਜਗਤ ਵਿਚ ਇਹ ਸੋਹਣੀ ਰਚਨਾ ਵੱਡੀ ਮਨਮੋਹਣੀ ਦਿਸਦੀ ਹੈ। ਪਰ ਜਦ ਮੈਂ ਇਸ ਮਸਤੀ ਵਿਚ ਮਸਤ ਸੀ, ਤਾਂ ਅਚਾਣਕ ਮੇਰਾ ਧਿਆਨ ਕਈ ਅਜੇਹੇ ਲੋਕਾਂ ਵਲ ਚਲਾ ਗਿਆ, ਜਿਨ੍ਹਾਂ ਨੇ ਕਾਲੇ ਬਸਤਰ ਪਾਏ ਹੋਏ ਸਨ। ਓਹਨਾਂ ਦੀਆਂ ਲੰਮੀਆਂ ਲੰਮੀਆਂ ਦਾੜ੍ਹੀਆਂ ਸਨ। ਓਹਨਾਂ ਨੇ ਆਪਣੇ ਹੱਥਾਂ ਵਿਚ ਮੋਟੀਆਂ ਮੋਟੀਆਂ ਜਪਮਾਲਾਂ ਫੜੀਆਂ ਹੋਈਆਂ ਸਨ। ਓਹਨਾਂ ਦੀਆਂ ਗੰਭੀਰ ਸ਼ਕਲਾਂ ਓਹਨਾਂ ਨੂੰ ਵੱਡੇ ਧਾਰਮਿਕ ਵਿਦਵਾਨ ਸਿਧ ਕਰ ਰਹੀਆਂ ਸਨ। ਓਹਨਾਂ ਦੇ ਆਲੇ ਦੁਆਲੇ ਲੋਕਾਂ ਦੀ ਚੋਖੀ ਭੀੜ ਸੀ। ਬੇਅੰਤ ਲੋਕ ਓਹਨਾਂ ਦੇ ਉਪਦੇਸ਼ ਸੁਣ ਕੇ ਵੱਡੇ ਪ੍ਰਭਾਵਿਤ ਹੋ ਰਹੇ

Digitized by Panjab Digital Library | www.panjabdigilib.org

ਸਨ। ਇਉਂ ਜਾਪਦਾ ਸੀ ਕਿ ਜਗ ਦੀ ਵਧੇਰੇ ਜਨ-ਸੰਖਿਆ ਓਹਨਾਂ ਤੋਂ ਪ੍ਰਭਾਵਿਤ ਹੋ ਚੁਕੀ ਹੈ ਤੇ ਬਾਕੀ ਵੀ ਹੋ ਰਹੀ ਹੈ। ਓਹਨਾਂ ਦੇ ਚਿਹਰਿਆਂ ਤੋਂ ਵਿਦਵਤਾ ਦੇ ਚਿੰਨ੍ਹ ਪਰਗਟ ਹੋ ਰਹੇ ਸਨ । ਓਹਨਾਂ ਦੇ ਬਚਨਾਂ ਵਿਚ ਬ੍ਰਿਹਾ ਤੇ ਪ੍ਰੇਮ ਦਾ ਪਰਗਟਾਅ ਸੀ। ਓਹ ਲੋਕਾਂ ਨੂੰ ਸੰਬੋਧਨ ਕਰਕੇ ਇਹ ਆਖ ਰਹੇ ਸਨ ਕਿ :—

"ਹੇ ਅਭਾਗੇ ਲੋਕੋ ! ਤੁਸੀਂ ਪ੍ਰਸੰਨ ਕਿਉਂ ਹੋ ? ਤੁਸੀਂ ਕਿਸ ਆਸ ਤੇ ਜ਼ਿੰਦਾ ਹੋ ? ਕੀ ਤੁਹਾਨੂੰ ਉਸ ਨਰਕਕੁੰਡ ਦਾ ਪਤਾ ਨਹੀਂ, ਜੋ ਤੁਹਾਡੇ ਪਿਉ-ਦਾਦਿਆਂ ਨੇ ਪਾਪ ਕਮਾ ਕੇ ਤੁਹਾਡੇ ਵਾਸਤੇ ਤਿਆਰ ਕੀਤਾ ਹੋਇਆ ਹੈ ? ਉਹ ਕਦੇ ਨਾ ਬੁਝਣ ਵਾਲੀ ਅੱਗ ਹੈ, ਜੋ ਗੰਧਕ ਨਾਲ ਭੜਕ ਰਹੀ ਹੈ। ਉਸ ਵਿਚ ਅਜੇਹਾ ਅੰਧਕਾਰ ਹੈ, ਜਿਸ ਦੇ ਸਾਹਮਣੇ ਇਸ ਜਗ ਦੇ ਸਾਰੇ ਅੰਨ੍ਹੇਰੇ ਵੀ ਚਾਨਣਾ ਹੀ ਭਾਸਦੇ ਹਨ — ਉਹ ਤੁਹਾਡੀ ਉਡੀਕਵਾਨ ਹੈ । ਫੇਰ ਤੁਸੀਂ ਕਿਉਂ ਖ਼ੁਸ਼ ਹੋ ? ਤੁਸੀਂ ਕਿਸ ਮੂੰਹ ਨਾਲ ਮੁਕਤੀ ਦੀ ਆਸ ਕਰਦੇ ਹੋ ? ਤੁਹਾਡਾ ਮਨ ਕਿਸ ਤਰ੍ਹਾਂ ਮੋਖਸ਼ ਦਾ ਚਾਹਵਾਨ ਹੋ ਸਕਦਾ ਹੈ ? ਤੁਹਾਨੂੰ ਇਹ ਪਤਾ ਨਹੀਂ ਕਿ ਪਵਿੱਤਰ ਤੇ ਅਪਵਿੱਤਰ ਵਿਚ ਕੋਈ ਸਾਂਝ ਨਹੀਂ ਹੋ ਸਕਦੀ ? ਤੁਹਾਡੇ ਵਿਚੋਂ ਕੌਣ ਇਹ ਆਖ ਸਕਦਾ ਹੈ ਕਿ ਉਹ ਪਵਿੱਤਰ ਹੈ ? ਤੇ ਪ੍ਰਭੂ ਨੂੰ ਪ੍ਰਾਪਤ ਹੋ ਸਕਦਾ ਹੈ ? ਤੁਹਾਡੇ ਵਿਚੋਂ ਕਿਹੜਾ ਹੈ, ਜੋ ਪਾਕ ਹੋ ਸਕਦਾ ਹੈ ? ਕਿਉਂ ਜੁ ਸ਼ਰੀਅਤ ਪਾਕ ਨਹੀਂ; ਸਗੋਂ ਨਾਪਾਕ ਕਰਦੀ ਹੈ । ਹੁਕਮ ਆਗਿਆਕਾਰੀ ਨਹੀਂ; ਸਗੋਂ ਨਾਫ਼ਰਮਾਨ ਬਣਾਉਂਦਾ ਹੈ। ਕਿਹੜਾ ਸਾਰੇ ਹੁਕਮਾਂ ਤੇ ਵਰਤੋਂ ਕਰ ਸਕਦਾ ਹੈ ? ਜਿਸ ਨੇ ਇਕ ਛੋਟੇ ਜੇਹੇ ਹੁਕਮ ਦੀ ਵੀ ਅਵੱਗਿਆ ਕੀਤੀ ਹੈ, ਉਹ ਬਾਗੀ ਹੋ ਗਿਆ ਹੈ ? ਕੀ ਕਿਸੇ ਚੰਗੀ ਤੋਂ ਚੰਗੀ ਚੀਜ਼ ਨੂੰ ਗੰਦ ਦਾ ਇਕ ਕਿਣਕਾ ਵੀ ਅਪਵਿੱਤਰ ਨਹੀਂ ਕਰ ਦਿੰਦਾ ? ਫੇਰ ਤੁਸੀਂ ਇਹ ਕਿਵੇਂ ਆਸ ਕਰਦੇ ਹੋ ਕਿ ਤੁਸੀਂ

Digitized by Panjab Digital Library | www.panjabdigilib.org

ਪਾਕ ਹੋ, ਜਾਂ ਪਾਕ ਹੋ ਸਕਦੇ ਹੋ ? ਕੀ ਤੁਹਾਨੂੰ ਇਹ ਚੇਤਾ ਨਹੀਂ ਕਿ ਤੁਹਾਡੇ ਪਿਤਾਮਾ — ਆਦਮ — ਨੇ ਪਾਪ ਕਮਾਇਆ ਸੀ ਤੇ ਪ੍ਰਭੂ ਦੀ ਕਿਰਪਾ ਨੂੰ ਭੁੱਲ ਗਿਆ ਸੀ ? ਸ਼ੈਤਾਨ ਨੇ ਉਸ ਨੂੰ ਤੇ ਉਸ ਦੀ ਤੀਵੀਂ — ਹੱਵਾ — ਨੂੰ, ਜੋ ਤੁਹਾਡੀ ਮਾਤਾ ਸੀ, ਪ੍ਰੇਰ ਕੇ ਪਾਪਣ ਬਣਾ ਦਿੱਤਾ ਸੀ ? ਤੁਸੀਂ ਸਾਰੇ ਓਹਨਾਂ ਦੀ ਸੰਤਾਨ ਹੋ। ਤੁਸੀਂ ਇਹ ਕਿਵੇਂ ਆਸ ਕਰਦੇ ਹੋ ਕਿ ਓਹਨਾਂ ਦੇ ਪਾਪਾਂ ਦੇ ਵਿਰਸੇ ਵਿੱਚੋਂ ਤੁਹਾਨੂੰ ਕੋਈ ਹਿੱਸਾ ਨਹੀਂ ਮਿਲੇਗਾ ? ਕੀ ਤੁਹਾਡਾ ਇਹ ਵਿਚਾਰ ਹੈ ਕਿ ਓਹਨਾਂ ਦੇ ਧਨ-ਪਦਾਰਥ ਤਾਂ ਤੁਹਾਨੂੰ ਪ੍ਰਾਪਤ ਹੋ ਜਾਣਗੇ ਤੇ ਓਹਨਾਂ ਦੇ ਕਰਜ਼ੇ ਤੁਸੀਂ ਨਹੀਂ ਉਤਾਰੋਗੇ ? ਓਹਨਾਂ ਦੀਆਂ ਭਲਾਈਆਂ ਤਾਂ ਤੁਹਾਨੂੰ ਮਿਲ ਜਾਣਗੀਆਂ ਤੇ ਓਹਨਾਂ ਦੀਆਂ ਬੁਰਾਈਆਂ ਵਿਚ ਤੁਸੀਂ ਭਾਈਵਾਲ ਨਹੀਂ ਬਣੋਗੇ ? ਸੋ ਜਦ ਇਹ ਗੱਲ ਹੈ ਕਿ ਪਾਪ ਤੁਹਾਨੂੰ ਵਿਰਸੇ ਵਿਚ ਮਿਲੇ ਹਨ, ਤਾਂ ਉਸ ਵਿਰਸੇ ਦੀ ਲਾਨ੍ਹਤ ਤੋਂ ਕਿਵੇਂ ਬਚ ਸਕਦੇ ਹੋ ? ਕੀ ਤੁਸੀਂ ਇਹ ਆਸ ਕਰਦੇ ਹੋ ਕਿ ਪ੍ਰਭੂ ਤੁਹਾਨੂੰ ਐਵੇਂ ਹੀ ਬਖ਼ਸ਼ ਦੇਵੇਗਾ ? ਮੂਰਖੋ ! ਤੁਹਾਨੂੰ ਇਹ ਚੇਤਾ ਹੀ ਨਹੀਂ ਕਿ ਉਹ (ਪ੍ਰਭੂ) ਮਿਹਰਬਾਨ ਵੀ ਹੈ। ਉਸ ਦੀ ਮਿਹਰ ਉਸ ਦੇ ਨਿਆਂਇ ਦੇ ਉਲਟ ਨਹੀਂ ਹੋ ਸਕਦੀ। ਸੋ ਇਹ ਕਿਵੇਂ ਹੋ ਸਕਦਾ ਹੈ ਕਿ ਉਹ ਤੁਹਾਡੇ ਵਾਸਤੇ ਆਪਣੇ ਨਿਆਂਇ ਦਾ ਤਿਆਗ ਕਰ ਦੇਵੇ ?"

ਮੈਂ ਇਹ ਅਨੁਭਵ ਕੀਤਾ ਕਿ ਓਹਨਾ ਦੇ ਏਹਨਾਂ ਉਪਦੇਸ਼ਾਂ ਵਿਚ ਨਿਰਾਸਤਾ ਤੇ ਉਪਰਾਮਤਾ ਦਾ ਇੰਨਾ ਜ਼ੋਰ ਸੀ ਕਿ ਉਹ ਆਸਾਂ ਤੇ ਉਮੀਦਾਂ ਦੇ ਸਾਰੇ ਪਹਾੜ ਉਡਾ ਕੇ ਲੈ ਗਏ। ਜੋ ਮੁਖੜੇ ਖ਼ੁਸ਼ੀਆਂ ਨਾਲ ਦਮਕ ਰਹੇ ਸਨ, ਓਹ ਨਿਰਾਸਤਾ ਤੇ ਉਪਰਾਮਤਾ ਸਦਕਾ ਨਿੰਮੋਝੂਣੇ ਹੋ ਗਏ। ਇਹ ਜਗ ਤੇ ਇਸ ਦੇ ਵਸਨੀਕ ਇਕ ਖਿਡਾਉਣਾ ਤੇ ਉਹ ਵੀ ਟੁੱਟਾ ਭੱਜਾ ਹੋਇਆ ਹੀ, ਭਾਸਣ ਲੱਗੇ। ਪਰ ਰਤਾ ਸਾਹ ਲੈ ਕੇ ਏਹਨਾਂ ਉਪਦੇਸ਼ਕਾਂ ਨੇ ਗੱਜ ਕੇ ਲੋਕਾਂ ਨੂੰ ਇਉਂ ਸੰਬੋਧਨ ਕੀਤਾ ਕਿ :—

Digitized by Panjab Digital Library | www.panjabdigilib.org

"ਲੋਕੋ ਤੁਸੀਂ ਨਿਰਾਸ ਨਾ ਹੋਵੋ। ਜਿੱਥੇ ਤੁਹਾਡੀਆਂ ਆਸਾਂ ਦਾ ਘਾਤ ਕੀਤਾ ਗਿਆ ਹੈ, ਉੱਥੇ ਓਹਨਾਂ ਨੂੰ ਸੁਰਜੀਤ ਕਰਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਜਿੱਥੇ ਤੁਹਾਨੂੰ ਵੱਡਾ ਡਰਾਇਆ ਗਿਆ ਹੈ, ਉੱਥੇ ਵੱਡੀ ਖੁਸ਼ਖਬਰੀ ਵੀ ਦਿੱਤੀ ਗਈ ਹੈ। ਪ੍ਰਭੂ ਦੇ ਨਿਆਂਇ ਨੇ ਤੁਹਾਨੂੰ ਦੰਡ ਦੇਣਾ ਚਾਹਿਆ ਸੀ, ਪਰ ਉਸ ਦੀ ਮਿਹਰ ਨੇ ਤੁਹਾਨੂੰ ਉਸ ਦੰਡ ਤੋਂ ਬਚਾ ਲਿਆ ਹੈ। ਉਹ ਇਸ ਤਰ੍ਹਾਂ ਕਿ ਉਸ ਨੇ ਆਪਣੇ ਕਲਮਕੱਲੇ ਪੁੱਤਰ ਨੂੰ ਜਗ ਵਿਚ ਭੇਜਿਆ ਕਿ ਉਹ ਬੇਗੁਨਾਹ ਹੁੰਦਾ ਹੋਇਆ ਸੂਲੀ ਤੇ ਚਾੜ੍ਹਿਆ ਜਾਵੇ ਤੇ ਸੱਚਾ ਹੁੰਦਾ ਹੋਇਆ ਝੂਠਾ ਕਿਹਾ ਜਾਏ। ਸੋ ਉਹ ਮਸੀਹ ਦੇ ਰੂਪ ਵਿਚ ਜਗ ਤੇ ਪਰਗਟ ਹੋਇਆ ਤੇ ਯਹੂਦੀਆਂ ਨੇ ਬਿਨਾਂ ਕਿਸੇ ਦੋਸ਼ ਦੇ ਉਸ ਨਿਰਦੋਸ਼ ਨੂੰ ਸੂਲੀ ਟੰਗ ਕੇ ਮਾਰ ਦਿੱਤਾ। ਉਹ ਸਾਰੇ ਹੀ ਸ਼ਰਧਾਲੂਆਂ ਦੇ ਪਾਪਾਂ ਦਾ ਭਾਰ ਚੁੱਕ ਕੇ ਓਹਨਾਂ ਦੀ ਮੁਕਤੀ ਦਾ ਕਾਰਣ ਬਣਿਆ। ਸੋ ਤੁਸੀਂ ਉਸ ਤੇ ਸ਼ਰਧਾ ਧਾਰਨ ਕਰ ਲਓ। ਉਹ ਤੁਹਾਡੇ ਪਾਪਾਂ ਦਾ ਭਾਰ ਆਪ ਚੁੱਕ ਲਏਗਾ। ਇਸ ਤਰ੍ਹਾਂ ਪ੍ਰਭੂ ਦਾ ਨਿਆਂਇ ਵੀ ਪੂਰਾ ਹੋ ਜਾਵੇਗਾ ਤੇ ਮਿਹਰ ਵੀ ਅਤੇ ਜਗਤ ਦੇ ਲੋਕ ਮੁਕਤੀ ਨੂੰ ਵੀ ਪ੍ਰਾਪਤ ਹੋ ਜਾਣਗੇ।"

ਮੈਂ ਇਹ ਵੇਖਿਆ ਕਿ ਨਿਰਾਸਤਾ ਮੁੜ ਦੂਰ ਹੋ ਗਈ। ਲੋਕ ਖੁਸ਼ੀਆਂ ਨਾਲ ਨੱਚਣ ਲਗ ਪਏ। ਸਾਰੇ ਜਗ ਨੇ ਅਜੇਹੀ ਖੁਸ਼ੀ ਮਨਾਈ ਕਿ ਜਿਸ ਦੀ ਉਦਾਹਰਣ ਪਹਿਲਾਂ ਕਦੇ ਨਹੀਂ ਮਿਲਦੀ। ਬੇਅੰਤ ਲੋਕ ਆਏ ਤੇ ਸੂਲੀ ਨੂੰ, ਜੋ ਓਹਨਾਂ ਦੀ ਮੁਕਤੀ ਦਾ ਸਾਧਨ ਬਣੀ ਸੀ, ਢਾਹਾਂ ਮਾਰ ਮਾਰ ਕੇ ਚੰਬੜ ਗਏ। ਓਹ ਵੱਡੀ ਵਿਆਕੁਲਤਾ ਤੇ ਬਿਹਬਲਤਾ ਨਾਲ ਕਦੇ ਉਸ ਨੂੰ ਚੁੰਮਦੇ ਤੇ ਕਦੇ ਗਲ ਨਾਲ ਲਾਉਂਦੇ ਸਨ। ਗੱਲ ਕੀ, ਇਕ ਵੱਡੀ ਦੀਵਾਨਗੀ ਦੇ ਜੋਸ਼ ਨਾਲ ਓਹਨਾਂ ਨੇ ਉਸ ਨੂੰ ਜੀਉ ਆਇਆਂ ਕਿਹਾ। ਪਰ ਮੈਂ ਇਹ ਵੇਖਿਆ ਕਿ ਇਸ ਜੋਸ਼ ਦੇ ਠੰਡਾ ਹੋਣ ਤੇ ਕਈ ਲੋਕ ਆਪਸ ਵਿਚ ਹੋਲੇ ਹੋਲੇ ਇਕ ਦੂਜੇ ਦੇ ਕੰਨਾਂ ਵਿਚ ਇਹ ਆਖ ਰਹੇ ਸਨ ਕਿ :—

Digitized by Panjab Digital Library | www.panjabdigilib.org

"ਇਹ ਤਾਂ ਸੱਚ ਹੈ ਕਿ ਮਨੁੱਖ ਪਾਪਾਂ ਤੋਂ ਬਚ ਨਹੀਂ ਸਕਦਾ। ਪਰ ਆਸ ਦਾ ਇਹ ਸੁਨੇਹਾ ਸਾਡੀ ਸਮਝ ਨਹੀਂ ਆਉਂਦਾ ਕਿ ਜੇ ਪ੍ਰਭੂ ਦਾ ਨਿਆਂਇਕਾਰੀ ਹੋਣਾ ਜ਼ਰੂਰੀ ਹੈ, ਤਾਂ ਉਸ ਦਾ ਪੁੱਤਰ ਵੀ ਨਿਆਂਇਕਾਰੀ ਹੋਣਾ ਚਾਹੀਦਾ ਹੈ। ਜੇ ਕਿਸੇ ਪਾਪੀ ਦੇ ਪਾਪਾਂ ਨੂੰ ਬਖਸ਼ ਦੇਣਾ ਤਾਂ ਨਿਆਂਇ ਦੇ ਵਿਰੁਧ ਹੈ, ਤਾਂ ਕਿਸੇ ਨਿਰਦੋਸ਼ ਨੂੰ ਦੰਡ ਦੇਣਾ ਵੀ ਤਾਂ ਨਿਆਂਇ ਨਹੀਂ। ਫੇਰ ਇਹ ਕਿਵੇਂ ਮੰਨਿਆ ਜਾਏ ਕਿ ਪ੍ਰਭੂ ਦੇ ਪੁੱਤਰ ਨੇ ਦੂਜਿਆਂ ਦੇ ਪਾਪਾਂ ਦਾ ਭਾਰ ਆਪ ਚੁੱਕ ਲਿਆ ਹੈ ਤੇ ਪ੍ਰਭੂ ਨੇ ਇਸ ਨਿਰਦੋਸ਼ ਨੂੰ ਫੜ ਕੇ ਦੰਡ ਦੇ ਦਿੱਤਾ ਹੈ?"

ਫੇਰ ਓਹਨਾਂ ਨੇ ਇਹ ਵੀ ਕਿਹਾ ਕਿ :—

"ਇਹ ਗੱਲ ਸਾਡੀ ਸਮਝ ਤੋਂ ਬਾਹਰ ਹੈ। ਮੌਤ ਨੂੰ ਤਾਂ ਪਾਪਾਂ ਦਾ ਦੰਡ ਦੱਸਿਆ ਗਿਆ ਸੀ। ਸੋ ਜਦ ਪਾਪ ਹੀ ਨਾ ਰਹੇ, ਤਾਂ ਮੌਤ ਕਿਵੇਂ ਰਹਿ ਗਈ? ਪਾਪਾਂ ਦੇ ਮਾਫ਼ ਹੋ ਜਾਣ ਨਾਲ ਮੌਤ ਦਾ ਵੀ ਤਾਂ ਭੋਗ ਪੈ ਜਾਣਾ ਚਾਹੀਦਾ ਸੀ।"

ਇਸ ਤੇ ਓਹਨਾਂ ਵਿਚੋਂ ਕਈਆਂ ਨੇ ਇਹ ਵੀ ਆਖਿਆ ਕਿ :—

"ਅਸੀਂ ਤਾਂ ਹੁਣ ਵੀ ਪਾਪ ਕਮਾਉਂਦੇ ਹਾਂ। ਜੇ ਵਿਰਸੇ ਵਿਚ ਮਿਲੇ ਪਾਪ ਦੂਰ ਹੋ ਗਏ ਹਨ, ਤਾਂ ਫੇਰ ਪਾਪਾਂ ਤੋਂ ਬਚਣ ਦਾ ਜਤਨ ਕਰਦਿਆਂ ਹੋਇਆਂ ਵੀ ਸਾਡੇ ਪਾਸੋਂ ਪਾਪ ਕਿਉਂ ਹੋ ਜਾਂਦੇ ਹਨ?"

ਜਦ ਕਈ ਦੂਜਿਆਂ ਨੇ ਓਹਨਾਂ ਨੂੰ ਦਲੇਰੀ ਨਾਲ ਇਹ ਕਹਿੰਦਿਆਂ ਸੁਣਿਆ, ਤਾਂ ਓਹ ਵੀ ਬੋਲ ਪਏ ਕਿ :—

"ਸਾਥੋਂ ਵੀ, ਅਤੇ ਸਾਥੋਂ ਵੀ।"

ਫੇਰ ਮੈਂ ਆਲਮਿ ਖਿਆਲ ਵਿਚ ਇਹ ਵੇਖਿਆ ਕਿ ਓਹਨਾਂ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ :—

"ਪ੍ਰਭੂ ਨੇ ਸਾਨੂੰ ਇਉਂ ਸਾਜਿਆ ਹੈ? ਮਨੁੱਖਤਾ — ਜੋ ਵੱਡੀ ਉੱਚੀ ਵਸਤੂ ਸਮਝੀ ਜਾਂਦੀ ਸੀ, ਕਿੰਨੀ ਅਪਵਿੱਤਰ ਹੈ? ਕਿਵੇਂ

Digitized by Panjab Digital Library | www.panjabdigilib.org

ਪਾਪਾਂ ਤੋਂ ਇਸ ਦਾ ਮੁੱਢ ਬੱਝਾ ? ਤੇ ਪਾਪਾਂ ਵਿਚ ਹੀ ਇਸ ਦੀ ਪਾਲਣਾ-ਪੋਸਣਾ ਹੋਈ। ਪਾਪ ਹੀ ਇਸ ਦੀ ਖਾਧ-ਖੁਰਾਕ ਬਣੇ। ਅਜੇਹੀ ਅਪਵਿੱਤਰ ਵਸਤੂ ਨੂੰ ਹੋਂਦ ਵਿਚ ਲਿਆਉਣ ਦਾ ਮਨੋਰਥ ਕੀ ਸੀ ? ਇਹ ਸਵਰਗ ਕੀ ਹੈ ? ਤੇ ਕਿਸ ਦੇ ਵਾਸਤੇ ਹੈ ? ਕਿਉਂਕਿ ਸਾਨੂੰ ਤਾਂ ਨਿਰਾਸਤਾ ਤੋਂ ਛੁੱਟ ਹੋਰ ਕੁਝ ਵੀ ਨਹੀਂ ਦਿਸਦਾ, ਅਰਥਾਤ ਸਾਨੂੰ ਨਰਕ ਤੋਂ ਬਿਨਾਂ ਕਿਸੇ ਵੀ ਚੀਜ਼ ਦਾ ਕੋਈ ਥਹੁ-ਪਤਾ ਨਹੀਂ ਲਗਦਾ।"

ਓਹ ਏਹਨਾਂ ਹੀ ਸੋਚ-ਸਮੁੰਦਰਾਂ ਵਿਚ ਗੋਤੇ ਖਾ ਰਹੇ ਸਨ ਕਿ ਮੁੜ ਉਹੋ ਮਿਠਾਸ ਤੇ ਮਸਤ ਕਰ ਦੇਣ ਵਾਲੀ ਆਵਾਜ਼ — ਜੋ ਪਹਿਲਾਂ ਵੀ ਕਈ ਵਾਰ ਜਗ ਦੀਆਂ ਘੁੰਡੀਆਂ ਖੋਲ੍ਹ ਚੁੱਕੀ ਸੀ ਤੇ ਸ਼ੰਕੇ ਨਵਿਰਤ ਕਰ ਚੁੱਕੀ ਸੀ — ਉੱਚੀ ਹੋਈ। ਮੁੜ ਉਸ ਆਵਾਜ਼ ਤੋਂ ਇਕ ਸੰਗੀਤ ਪੈਦਾ ਹੋ ਕੇ ਸਾਰੇ ਜਗ ਵਿਚ ਪਸਰ ਗਿਆ। ਫੇਰ ਹਰੇਕ ਪ੍ਰਾਣੀ ਉਸ ਆਵਾਜ਼ ਦਾ ਉਡੀਕਵਾਨ ਹੋ ਗਿਆ ਅਤੇ ਹਰੇਕ ਦਿਲ ਆਸ ਤੇ ਉਮੀਦ ਨਾਲ ਧੜਕਣ ਲਗ ਪਿਆ। ਉਹ ਆਵਾਜ਼ ਹੋਰ ਉੱਚੀ ਹੋਈ। ਉਸ ਨੇ ਇਸ ਬਾਰੇ ਸਾਰੇ ਜਗ ਨੂੰ ਇਕ ਵਿਸਥਾਰ-ਪੂਰਬਕ ਸੁਨੇਹਾ ਦਿੱਤਾ, ਜਿਸ ਦਾ ਭਾਵ ਮੈਂ ਆਪਣੇ ਅੱਖਰਾਂ ਤੇ ਅਲੰਕਾਰਾਂ ਰਾਹੀਂ ਵਰਣਨ ਕਰਦਾ ਹਾਂ। ਉਸ ਨੇ ਇਹ ਕਿਹਾ ਕਿ :—

"ਜੋ ਸੱਜਣ ਕਿਸੇ ਦੇ ਮਨ ਵਿਚ ਨਿਰਾਸਤਾ ਪੈਦਾ ਕਰਦਾ ਹੈ, ਉਹ ਉਸ ਦਾ ਘਾਤ ਕਰਦਾ ਹੈ। ਸ਼ਰਧਾ-ਭਾਵਨਾ ਸਹਿਮ ਤੇ ਆਸ ਦੇ ਵਲਗਣ ਵਿਚ ਹੀ ਪੈਦਾ ਹੋ ਸਕਦੀ ਹੈ। ਉਹ ਵੀ ਤਾਂ ਜੇ ਆਸ ਵਾਲਾ ਪਖ ਸਹਿਮ ਤੇ ਪ੍ਰਬਲ ਹੋਵੇ। ਸੋ ਜਿਹੜਾ ਪ੍ਰਾਣੀ ਆਸ ਨੂੰ ਦੂਰ ਕਰਦਾ ਹੈ, ਉਹ ਪਾਪਾਂ ਨੂੰ ਮਿਟਾਉਂਦਾ ਨਹੀਂ; ਸਗੋਂ ਵਧਾਉਂਦਾ ਹੈ, ਅਰਥਾਤ ਖਤਰੇ ਨੂੰ ਘੱਟ ਨਹੀਂ ਕਰਦਾ; ਸਗੋਂ ਉਸ ਵਿਚ ਵਾਧਾ ਕਰਦਾ ਹੈ। ਆਦਮ ਨੇ ਬੇਸ਼ੱਕ ਭੁੱਲ ਕੀਤੀ ਸੀ, ਪਰ ਉਹ ਇਕ ਸੁਭਾਵਿਕ ਭੁੱਲ ਸੀ। ਜਾਣ ਬੁਝ ਕੇ ਕਮਾਇਆ ਪਾਪ

Digitized by Panjab Digital Library | www.panjabdigilib.org

ਨਹੀਂ ਸੀ। ਇਹ ਜ਼ਰੂਰੀ ਨਹੀਂ ਕਿ ਪਿਤਾ ਜੋ ਕੁਝ ਕਰਦਾ ਹੈ, ਉਹੋ ਕੁਝ ਉਸ ਦੇ ਪੁੱਤਰ ਨੂੰ ਵੀ ਵਿਰਸੇ ਵਿਚ ਮਿਲਦਾ ਹੈ। ਜੇ ਇਹ ਗੱਲ ਠੀਕ ਹੁੰਦੀ, ਤਾਂ ਅਗਿਆਨੀ ਤੇ ਮੂਰਖ ਮਾਪਿਆਂ ਦੇ ਬਾਲਕ ਵੀ ਸਦਾ ਅਗਿਆਨੀ ਤੇ ਅਨਪੜ੍ਹ ਹੀ ਰਹਿੰਦੇ ਅਤੇ ਸੂਝਵਾਨ ਤੇ ਵਿਦਵਾਨਾਂ ਦੀ ਸੰਤਾਨ ਸਦਾ ਵਿਦਵਾਨ ਹੀ ਹੁੰਦੀ, ਅਰਥਾਤ ਨਾ ਤਪਦਿਕ ਦੇ ਰੋਗੀਆਂ ਦੇ ਬੱਚੇ ਸਦਾ ਤਪਦਿਕ ਦੇ ਰੋਗੀ ਹੁੰਦੇ ਹਨ ਤੇ ਨਾ ਕੋੜ੍ਹੀਆਂ ਦੀ ਸੰਤਾਨ ਜ਼ਰੂਰ ਕੋੜ੍ਹੀ ਹੀ ਹੁੰਦੀ ਹੈ। ਸੋ ਗੱਲ ਕੀ ਕਈ ਗੱਲਾਂ ਵਿਚ ਵਿਰਸਾ ਹੈ ਤੇ ਕਈਆਂ ਵਿਚ ਨਹੀਂ, ਜਿਨ੍ਹਾਂ ਵਿਚ ਵਿਰਸਾ ਹੈ, ਉੱਥੇ ਵੀ ਪ੍ਰਭੂ ਨੇ ਵਿਰਸੇ ਦੇ ਪ੍ਰਭਾਵ ਤੋਂ ਬਚਣ ਦੇ ਸਾਧਨ ਹੋਂਦ ਵਿਚ ਆਂਦੇ ਹਨ। ਜੇ ਵਿਰਸੇ ਤੋਂ ਬਚਣ ਦਾ ਕੋਈ ਸਾਧਨ ਹੀ ਨਾ ਹੁੰਦਾ, ਤਾਂ ਧਰਮ ਪ੍ਰਚਾਰ ਤੇ ਵਿਦਿਆ ਪ੍ਰਚਾਰ ਦਾ ਕੋਈ ਮਨੋਰਥ ਹੀ ਨਾ ਹੁੰਦਾ। ਕਈ ਮਨਮੁਖਾਂ ਦੀ ਸੰਤਾਨ ਦਾ ਗੁਰਮੁਖ ਬਣ ਜਾਣਾ ਸਿਧ ਕਰਦਾ ਹੈ ਕਿ ਸ਼ਰਧਾ ਬਾਰੇ ਪ੍ਰਭੂ ਨੇ ਵਿਰਸੇ ਦਾ ਕਾਨੂੰਨ ਲਾਗੂ ਨਹੀਂ ਕੀਤਾ। ਜੇ ਇਸ ਬਾਰੇ ਵੀ ਵਿਰਸੇ ਦਾ ਕਾਨੂੰਨ ਹੀ ਲਾਗੂ ਹੁੰਦਾ, ਤਾਂ ਈਸਾ-ਮਸੀਹ ਦਾ ਆਉਣਾ ਹੀ ਨਿਰਮੂਲ ਹੋ ਜਾਂਦਾ।"

ਉਸ ਨੇ ਇਹ ਵੀ ਵਰਣਨ ਕੀਤਾ ਕਿ :—

"ਪ੍ਰਭੂ ਨੇ ਹਰੇਕ ਮਨੁੱਖ ਨੂੰ ਭਲੇ ਗੁਣ ਦੇ ਕੇ ਸਾਜਿਆ ਹੈ। ਕਈ ਲੋਕ ਓਹਨਾਂ ਗੁਣਾਂ ਨੂੰ ਹੋਰ ਵੀ ਉੱਨਤ ਕਰਕੇ ਸਫਲ ਹੋ ਜਾਂਦੇ ਹਨ ਅਤੇ ਕਈ ਓਹਨਾਂ ਨੂੰ ਪੈਰਾਂ ਹੇਠ ਲਤਾੜ ਕੇ ਨਿਹਫਲ ਹੋ ਜਾਂਦੇ ਹਨ। ਸ਼ਰੀਅਤ ਦਾ ਸਾਰੇ ਦਾ ਸਾਰਾ ਕਾਨੂੰਨ ਵਰਤੋਂ ਕਰਨ ਦੇ ਯੋਗ ਹੈ। ਪਰ ਮੁਕਤੀ ਦਾ ਨਿਰਭਰ ਕਰਮਾਂ ਤੇ ਹੀ ਨਹੀਂ ਹੈ; ਸੱਚੀ ਸ਼ਰਧਾ ਤੇ ਹੈ। ਸੱਚੀ ਸ਼ਰਧਾ ਨਾਲ ਹੀ ਪ੍ਰਾਣੀ ਪ੍ਰਭੂ ਦੀ ਕਿਰਪਾ ਦਾ ਪਾਤਰ ਬਣਦਾ ਹੈ। ਹਾਂ, ਕਰਮ ਇਸ ਦੀ ਪੂਰਣਤਾ ਦਾ ਸਾਧਨ ਜ਼ਰੂਰ ਹਨ ਤੇ ਵੱਡੇ ਜ਼ਰੂਰੀ ਹਨ। ਪਰ ਫੇਰ ਵੀ ਓਹ ਸਾਧਨ ਹੀ ਹਨ ਅਤੇ ਕਿਸੇ ਸਾਧਨ ਦੀ ਘਾਟ ਨਾਲ ਕਿਸੇ ਚੀਜ਼ ਦੀ ਉੱਕੀ ਹੀ

Digitized by Panjab Digital Library | www.panjabdigilib.org

ਅਣਹੋਂਦ ਨਹੀਂ ਹੋ ਜਾਂਦੀ। ਬੀਜ ਤੋਂ ਰੁਖ ਉਪਜਦਾ ਹੈ, ਪਰ ਪਾਣੀ ਦਿੱਤਿਆਂ ਉਹ ਵਧਦਾ ਫੁਲਦਾ ਹੈ। ਸੋ ਸ਼ਰਧਾ ਬੀਜ ਸਮਾਨ ਹੈ ਤੇ ਕਰਮ ਪਾਣੀ ਸਮਾਨ ਹਨ, ਜੋ ਸ਼ਰਧਾ ਨੂੰ ਦ੍ਰਿੜ੍ਹ ਕਰਦੇ ਹਨ। ਕੇਵਲ ਪਾਣੀ ਨਾਲ ਹੀ ਰੁਖ ਨਹੀਂ ਉਗ ਸਕਦਾ। ਪਰ ਜੇ ਕਦੇ ਬੀਜ ਨਿਕੰਮਾ ਹੋਵੇ, ਤੇ ਪਾਣੀ ਵਿਚ ਕੋਈ ਵਾਧ-ਘਾਟ ਹੋ ਜਾਵੇ, ਤਾਂ ਵੀ ਰੁਖ ਉਪਜ ਜਾਂਦਾ ਹੈ। ਕਈ ਹਲ-ਵਾਹਕ ਪਾਣੀ ਲਾਉਣ ਸਮੇਂ ਭੁੱਲਾਂ ਵੀ ਕਰ ਜਾਂਦੇ ਹਨ, ਪਰ ਇਸ ਨਾਲ ਓਹਨਾਂ ਦੇ ਖੇਤ ਉੱਕੇ ਹੀ ਸੜ ਨਹੀਂ ਜਾਂਦੇ, ਜਦ ਤਕ ਕਿ ਕੋਈ ਮਹਾਨ ਭੁੱਲ ਨਾ ਹੋ ਜਾਏ। ਮਨੁੱਖ ਦੇ ਕਰਮ ਉਸ ਦੀ ਸ਼ਰਧਾ ਨੂੰ ਦ੍ਰਿੜ੍ਹ ਕਰਨ ਦਾ ਕਾਰਨ ਬਣਦੇ ਹਨ ਅਤੇ ਓਹਨਾਂ ਦੀ ਘਾਟ ਇਸ ਵਿਚ ਊਣਤਾਈਆਂ ਪੈਦਾ ਕਰਦੀ ਹੈ। ਪਰ ਉਸ ਦੀ ਉਹ ਘਾਟ — ਜੋ ਸ਼ਰਾਰਤ ਤੇ ਬਗਾਵਤ ਦਾ ਰੂਪ ਨਾ ਰਖਦੀ ਹੋਵੇ ਤੇ ਨਾ ਹੱਦ ਤੋਂ ਹੀ ਵਧੀ ਹੋਵੇ — ਸ਼ਰਧਾ ਦੀ ਖੇਤੀ ਨੂੰ ਉੱਕਾ ਹੀ ਨਸ਼ਟ ਨਹੀਂ ਕਰ ਸਕਦੀ। ਜੇ ਭਲਾ ਸ਼ਰਾਰਤ ਤੇ ਬਗਾਵਤ ਦਾ ਰੂਪ ਵੀ ਹੋ ਜਾਏ ਤਾਂ ਫੇਰ ਵੀ ਪ੍ਰਭੂ ਦਾ ਨਿਆਂਇ ਪਸਚਾਤਾਪ ਵਿਚ ਵਿਘਨ ਨਹੀਂ ਪਾ ਸਕਦਾ। ਇਹ ਨਿਆਂਇ ਨਹੀਂ — ਕਿ ਦੰਡ ਜ਼ਰੂਰ ਹੀ ਦਿੱਤਾ ਜਾਏ; ਸਗੋਂ ਇਹ ਹੈ — ਕਿ ਕਿਸੇ ਨਿਰਦੋਸ਼ ਨੂੰ ਦੰਡ ਨਾ ਮਿਲ ਜਾਏ। ਸੋ ਕਿਸੇ ਪਾਪੀ ਜੀਵ ਨੂੰ ਮਿਹਰ ਕਰ ਕੇ ਬਖ਼ਸ਼ ਦੇਣਾ ਪ੍ਰਭੂ ਦੇ ਗੁਣ ਅਦਲ ਦੇ ਵਿਰੁਧ ਨਹੀਂ; ਸਗੋਂ ਉਸ ਦੇ ਅਨੁਕੂਲ ਹੈ। ਜੇ ਅਦਲ ਦਾ ਇਹ ਭਾਵ ਲਿਆ ਜਾਏ ਕਿ ਹਰੇਕ ਕਰਮ ਦਾ ਵਟਾਂਦਰਾ ਕਰਮਾਂ ਦੇ ਅਨੁਕੂਲ ਹੀ ਮਿਲਣਾ ਚਾਹੀਦਾ ਹੈ, ਤਾਂ ਬਖ਼ਸ਼ਿਸ਼ ਤੇ ਮੁਕਤੀ ਦਾ ਕੋਈ ਭਾਵ ਹੀ ਨਹੀਂ ਰਹੇਗਾ। ਇਸ ਤਰ੍ਹਾਂ ਤਾਂ ਨਾ ਕੇਵਲ ਪਾਪਾਂ ਦਾ ਬਖਸ਼ ਦੇਣਾ ਹੀ ਅਦਲ ਦੇ ਵਿਰੁਧ ਹੋਵੇਗਾ; ਸਗੋਂ ਕਰਮਾਂ ਦਾ ਵਧੇਰੇ ਦੇਣਾ ਵੀ ਨਿਆਂਇ ਦੇ ਉਲਟ ਹੀ ਹੋਵੇਗਾ; ਕਿਉਂ ਜੁ "ਅਦਲ" ਦਾ ਭਾਵ ਤਾਂ "ਬਰਾਬਰ" ਹੈ। ਜੇ ਇਹ ਗੱਲ ਠੀਕ ਹੈ, ਤਾਂ ਫੇਰ ਹਰੇਕ

Digitized by Panjab Digital Library | www.panjabdigilib.org

ਪ੍ਰਾਣੀ ਨੂੰ ਉਸ ਦੀ ਆਯੂ ਦੇ ਦਿਨਾਂ ਬਰਾਬਰ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ — ਉਹ ਵੀ ਉਸ ਦੇ ਕਰਮਾਂ ਦੇ ਤੋਲ ਜਿੰਨੀ ਹੀ। ਪਰ ਇਹ ਕੋਈ ਵੀ ਨਹੀਂ ਮੰਨਦਾ। ਫਿਰ ਪਤਾ ਨਹੀਂ ਕਿ ਕਿਉਂ ਪ੍ਰਭੂ ਦੀ ਮਿਹਰ ਨੂੰ ਇਸ ਮਸਲੇ ਨਾਲ ਜੋੜਿਆ ਜਾਂਦਾ ਹੈ ?"

ਉਸ ਨੇ ਇਹ ਵੀ ਕਿਹਾ ਕਿ :—

"ਪ੍ਰਭੂ (ਸਭ ਦਾ) ਮਾਲਕ ਹੈ ਤੇ ਮਾਲਕ ਲਈ ਇਨਾਮ ਤੇ ਬਖਸ਼ਿਸ਼ ਲਈ ਕੋਈ ਹੱਦਬੰਦੀ ਨਹੀਂ ਕੀਤੀ ਜਾ ਸਕਦੀ। ਬੇਸ਼ਕ ਉਹ ਲੇਖਾ ਲੈਂਦਾ ਹੈ, ਪਰ ਉਸ ਦਾ ਲੇਖਾ ਇਸ ਲਈ ਹੁੰਦਾ ਹੈ ਕਿ ਕਿਸੇ ਨੂੰ ਉਸ ਦੇ ਹੱਕ ਤੋਂ ਘੱਟ ਨਾ ਮਿਲੇ। ਇਸ ਵਾਸਤੇ ਨਹੀਂ — ਕਿ ਉਸ ਦੇ ਹੱਕ ਤੋਂ ਵਧੀਕ ਨਾ ਮਿਲੇ। ਮਸੀਹ ਨਿਰਸੰਦੇਹ ਬੇਗੁਨਾਹ ਤੇ ਰਬ ਦਾ ਰਸੂਲ ਸੀ, ਪਰ ਇਹ ਆਖਣਾ ਠੀਕ ਨਹੀਂ ਕਿ ਉਹ ਦੂਜਿਆਂ ਦਾ ਭਾਰ ਚੁੱਕ ਕੇ ਲੈ ਗਿਆ ਹੈ। ਕਿਆਮਤ ਦੇ ਦਿਹਾੜੇ ਹਰੇਕ ਪ੍ਰਾਣੀ ਨੂੰ ਆਪਣੀ ਸਲੀਬ ਆਪ ਚੁੱਕਣੀ ਪਏਗੀ। ਜੇਹੜਾ ਵੀ ਪ੍ਰਾਣੀ ਆਪਣੀ ਸਲੀਬ ਆਪ ਨਹੀਂ ਚੁੱਕੇਗਾ, ਉਹ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕੇਗਾ। ਛੁੱਟ ਇਸ ਦੇ — ਕਿ ਪ੍ਰਭੂ ਦੀ ਕਿਰਪਾ ਦੇ ਅਧੀਨ ਉਸ ਦੀ ਬਖਸ਼ਿਸ਼ ਹੋ ਜਾਏ ਤੇ ਪ੍ਰਭੂ ਆਪ ਕਿਸੇ ਦਾ ਭਾਰ ਹੌਲਾ ਕਰ ਦੇਵੇ। ਸੋ ਇਹ ਨਾ ਆਖੋ ਕਿ ਮਨੁੱਖ ਸੁਭਾਵਿਕ ਤੌਰ ਤੇ ਹੀ ਅਪਵਿੱਤਰ ਹੈ। ਹਾਂ, ਉਹ ਪ੍ਰਾਣੀ ਜੋ ਪ੍ਰਭੂ ਵਲੋਂ ਮਿਲੇ ਸਿਰੋਪਾਉ ਨੂੰ ਖਰਾਬ ਕਰ ਦੇਵੇ ਉਹ ਜ਼ਰੂਰ ਗੰਦਾ ਤੇ ਅਪਵਿੱਤਰ ਹੈ। ਨਹੀਂ ਤਾਂ, ਪ੍ਰਭੂ ਦੇ ਸਾਜੇ ਹੋਏ ਸਾਰੇ ਬੰਦੇ ਉਸ ਦੇ ਨਿਕਟ-ਵਰਤੀ ਬਣਨ ਦੇ ਅਧਿਕਾਰੀ ਹਨ ਤੇ ਉਹ ਉਸ ਦੇ ਨਿਕਟ ਵਰਤੀ ਬਣ ਕੇ ਹੀ ਰਹਿਣਗੇ।"

ਮੈਂ ਇਹ ਵੇਖਿਆ ਕਿ ਇਸ ਆਵਾਜ਼ ਦਾ ਉੱਚਾ ਹੋਣਾ ਹੀ ਸੀ ਕਿ ਲੋਕਾਂ ਦੇ ਕਪਾਟ ਖੁਲ੍ਹ ਗਏ। ਓਹਨਾਂ ਨੂੰ ਰਚਨਹਾਰ ਤੇ ਰਚਨਹਾਰ ਦੇ ਸੰਬੰਧ ਦਾ ਪਤਾ ਲਗ ਗਿਆ। ਇਸ ਤਰ੍ਹਾਂ ਓਹਨਾਂ ਦੀ ਸਾਰੀ ਨਿਰਾਸਤਾ ਆਸ ਵਿਚ

Digitized by Panjab Digital Library | www.panjabdigilib.org

ਬਦਲ ਗਈ। ਇਸ ਦੇ ਨਾਲ ਹੀ ਪ੍ਰਭੂ ਦਾ ਭਰੋਸਾ ਵੀ ਆਸ ਦੇ ਲਾਗੇ ਆ ਕੇ ਬੈਠ ਗਿਆ ਅਤੇ ਹਰੇਕ ਗਲਤ ਭਰੋਸੇ ਤੇ ਅਯੋਗ ਬੇਪਰਵਾਹੀ ਦਾ ਬੂਹਾ ਵੀ ਬੰਦ ਹੋ ਗਿਆ। ਜੋ ਹਿੰਮਤ ਹਾਰ ਬੈਠੇ ਸਨ, ਓਹ ਨਵੇਂ ਸਿਰਿਓਂ ਸ਼ੈਤਾਨ ਤੋਂ ਖਲਾਸੀ ਪਾਉਣ ਦੇ ਸੰਗਰਾਮ ਵਿਚ ਰੁਝ ਗਏ। ਇਸੇ ਤਰ੍ਹਾਂ ਜੇਹੜੇ ਲੋਕ ਹੱਦੋਂ ਵਧ ਆਸ ਲਾਈ ਬੈਠੇ ਸਨ ਤੇ ਦੂਜਿਆਂ ਤੇ ਆਪਣਾ ਭਾਰ ਲੱਦਣ ਦੇ ਚਾਹਵਾਨ ਸਨ, ਓਹਨਾਂ ਨੇ ਵੀ ਅੱਗੇ ਹੋ ਕੇ ਆਪਣੇ ਭਾਰ ਆਪ ਚੁੱਕ ਲਏ। ਸਾਰੇ ਜਗ ਦੀ ਬੇਚੈਨੀ ਦੂਰ ਹੋ ਗਈ ਤੇ ਲੋਕਾਂ ਦੇ ਮਨਾਂ ਵਿਚ ਧੀਰਜ ਦਾ ਵਾਸ ਹੋ ਗਿਆ। ਓਹਨਾਂ ਨੇ ਆਪਣੀ ਦਿਵ ਦ੍ਰਿਸ਼ਟੀ ਨਾਲ ਇਹ ਵੇਖ ਲਿਆ ਕਿ ਮਨੁੱਖਤਾ ਖੁਸ਼ੀ ਨਾਲ ਨਚ ਰਹੀ ਸੀ। ਮੇਰੇ ਦਿਲ ਨੇ ਫੇਰ ਠੰਡਾ ਸਾਹ ਲਿਆ; ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਕਿ ਆਪਣੇ ਪ੍ਰੀਤਮ ਪਿਆਰੇ ਤੋਂ ਦੂਰ ਤੇ ਓਹਲੇ ਬੈਠੇ ਪ੍ਰੇਮੀ ਦੇ ਦਿਲ ਤੋਂ ਨਿਕਲਦਾ ਹੈ। ਮੈਂ ਚੋਖੀ ਦੂਰ ਅਕਾਸ਼ ਅਤੇ ਸਮੇਂ ਦੀ ਦੂਰੀ ਦੀ ਅਥਾਹ ਰੋਕਾਂ ਨੂੰ ਵੇਖਿਆ ਤੇ ਵੱਡੇ ਸ਼ੌਕ ਨਾਲ ਸਿਰ ਨੀਵਾਂ ਪਾ ਲਿਆ, ਫੇਰ ਵਲਵਲਿਆਂ ਭਰਪੂਰ ਦਿਲ ਨਾਲ ਇਹ ਕਿਹਾ ਕਿ ਇਹ ਆਵਾਜ਼ ਤਾਂ ਮਨੁੱਖਤਾ ਲਈ ਵੀ ਰਹਿਮਤ ਹੀ ਸਿਧ ਹੋਣੀ ਹੈ।

ਮਨੁੱਖ ਜਾਤੀ ਲਈ ਰਹਿਮਤ

ਮੇਰੇ ਮਨ ਵਿਚ ਇਹ ਖਿਆਲ ਵੀ ਆਇਆ ਕਿ ਜਿਸ ਤਰ੍ਹਾਂ ਇਹ ਆਵਾਜ਼ ਮਨੁੱਖਤਾ ਵਾਸਤੇ ਰਹਿਮਤ ਸਿਧ ਹੋਈ ਹੈ, ਕੀ ਇਹ ਮਨੁੱਖ-ਜਾਤੀ ਲਈ ਵੀ ਰਹਿਮਤ ਹੈ? ਕੀ ਮਨੁੱਖ ਜਾਤੀ ਸਰੀਰਕ ਤੌਰ ਤੇ ਵੀ ਇਸ ਤੋਂ ਕੋਈ ਲਾਭ ਪ੍ਰਾਪਤ ਕਰ ਸਕਦੀ ਹੈ? ਤੇ ਇਸਦੀ ਮੁਹਤਾਜ ਹੈ? ਮੈਂ ਇਸੇ ਹੀ ਵਿਚਾਰ ਵਿਚ ਡੁੱਬਾ ਹੋਇਆ ਸੀ ਕਿ ਮੈਂ ਇਹ ਵੇਖਿਆ ਕਿ ਕਈ ਲੋਕ ਪ੍ਰਭੂ ਦੇ ਪ੍ਰੇਮ

Digitized by Panjab Digital Library | www.panjabdigilib.org

ਵਿਚ ਮਸਤ ਪੁੱਠੇ ਲਟਕ ਰਹੇ ਹਨ ਤੇ ਰਾਤ ਦਿਨ ਇਸੇ ਹਾਲਤ ਵਿਚ ਘੋਰ ਤਪੱਸਿਆ ਕਰ ਰਹੇ ਹਨ। ਇਸੇ ਤਰ੍ਹਾਂ ਮੈਂ ਕਈਆਂ ਨੂੰ ਵੇਖਿਆ ਕਿ ਓਹ ਵੱਡੀ ਠੰਡ ਵਿਚ ਠੰਡੇ ਠਾਰ ਪਾਣੀ ਵਿਚ ਖੜੇ ਹੋ ਕੇ ਪ੍ਰਭੂ ਦਾ ਸਿਮਰਨ ਕਰ ਰਹੇ ਹਨ। ਮੈਂ ਇਕ ਟੋਲੀ ਨੂੰ ਗਰਮੀਆਂ ਦੀ ਰੁਤ ਵਿਚ ਵੱਡੇ ਵੱਡੇ ਚੋਅ ਬਾਲ ਕੇ ਤੇ ਓਹਨਾਂ ਵਿਚਾਲੇ ਬੈਠ ਕੇ ਤਪ ਕਰਦਿਆਂ ਵੇਖਿਆ। ਓਹਨਾਂ ਨੂੰ ਇਸ ਹਾਲਤ ਵਿਚ ਆਪਣੀ ਸੁਰਤ ਵੀ ਭੁੱਲੀ ਹੋਈ ਸੀ। ਇਸ ਤੋਂ ਛੁੱਟ ਕਈ ਅਜੇਹੇ ਲੋਕ ਵੀ ਵੇਖੇ, ਜਿਨ੍ਹਾਂ ਨੇ ਇਹ ਪ੍ਰਣ ਕੀਤਾ ਹੋਇਆ ਸੀ ਕਿ ਓਹ ਸਦਾ ਜਤੀ ਹੀ ਰਹਿਣਗੇ; ਤੀਵੀਂ ਪੁਰਖ ਦਾ ਤੇ ਪੁਰਖ ਤੀਵੀਂ ਦਾ ਦਰਸ਼ਨ ਵੀ ਨਹੀਂ ਕਰੇਗਾ। ਕਈਆਂ ਨੇ ਇਹ ਪ੍ਰਣ ਕੀਤਾ ਹੋਇਆ ਸੀ ਕਿ — ਓਹ ਚੰਗੀਆਂ ਚੀਜ਼ਾਂ ਨਹੀਂ ਖਾਣਗੇ; ਸਗੋਂ ਹਰ ਸਾਲ ਆਪਣੇ ਮਨ-ਪਸੰਦ ਚੀਜ਼ਾਂ ਵਿਚੋਂ ਕਈਆਂ ਦਾ ਤਿਆਗ ਕਰੀ ਜਾਣਗੇ। ਜਦ ਮੈਂ ਲੋਕਾਂ ਦਾ ਇਹ ਹਾਲ ਵੇਖਿਆ, ਤਾਂ ਮੈਂ ਸੋਚੀਂ ਪੈ ਗਿਆ। ਇਕ ਬੰਨੇ ਓਹਨਾਂ ਦੇ ਇਹ ਕਠਨ ਤਪ ਮੈਨੂੰ ਓਹਨਾਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦੇ ਰਹੇ ਸਨ ਤੇ ਦੂਜੇ ਬੰਨੇ ਮੇਰੇ ਦਿਲੋਂ ਇਹ ਪ੍ਰਸ਼ਨ ਉਠ ਰਿਹਾ ਸੀ — ਕਿ ਕੀ ਪ੍ਰਭੂ ਨੇ ਸਾਰੀ ਸੁੰਦਰਤਾ ਤੇ ਖ਼ੂਬੀਆਂ ਇਸੇ ਲਈ ਹੋਂਦ ਵਿਚ ਆਂਦੀਆਂ ਹਨ ਕਿ ਏਹਨਾਂ ਤੋਂ ਲਾਭ ਨਾ ਉਠਾਇਆ ਜਾਏ ? ਤੇ ਏਹਨਾਂ ਦਾ ਉੱਕਾ ਹੀ ਤਿਆਗ ਕਰ ਦਿੱਤਾ ਜਾਏ ? ਕੀ ਇਸ ਤਰ੍ਹਾਂ ਪ੍ਰਭੂ ਉੱਤੇ ਇਹ ਦੋਸ਼ ਨਹੀਂ ਆਏਗਾ — ਕਿ ਉਸ ਨੇ ਇਹ ਸਭ ਕੁਝ ਅਜਾਈਂ ਹੀ ਸਾਜਿਆ ਹੈ ? ਮੈਂ ਇਸੇ ਹੀ ਸੋਚ ਵਿਚ ਗਲਤਾਨ ਸੀ ਕਿ ਮੈਨੂੰ ਫੇਰ ਉਹੋ ਆਵਾਜ਼ ਉੱਚੀ ਹੁੰਦੀ ਸੁਣਾਈ ਦਿੱਤੀ। ਮੈਨੂੰ ਇਉਂ ਭਾਸਿਆ ਕਿ ਜਿਵੇਂ ਇਸ ਆਵਾਜ਼ ਦੇ ਮਾਲਕ ਦੀ ਨਜ਼ਰ ਮਨਾਂ ਦੀਆਂ ਡੂੰਘਾਈਆਂ ਤਕ ਪੁਜਦੀ ਹੈ ਤੇ ਮਨੁੱਖੀ ਸੁਭਾਉ ਦੀਆਂ ਸਾਰੀਆਂ ਡੂੰਘਾਈਆਂ ਇਸ ਤੇ ਪਰਗਟ ਹਨ, ਅਰਥਾਤ ਜਿਵੇਂ ਕੋਈ ਘਟ ਘਟ ਦੀ ਜਾਣਨਹਾਰ ਤੇ ਮਨੁੱਖੀ ਭਾਵਾਂ ਦੀ ਜਾਣਕਾਰ ਵਿਅਕਤੀ ਸਭ ਕੁਝ ਵੇਖ ਕੇ ਉਸ ਨੂੰ ਦਸਦੀ ਜਾ ਰਹੀ ਹੈ, ਅਰਥਾਤ ਜਿਸ ਦੀ ਸੁੰਦਰਤਾ ਦੇ ਟਾਕਰੇ ਤੇ ਜਗ ਦੇ ਸਾਰੇ ਸੰਗੀਤ ਤੁਛ ਜਾਪਦੇ ਹਨ, ਉਸ ਨੂੰ ਇਹ ਆਖਦਿਆਂ ਹੋਇਆਂ ਸੁਣਿਆ ਕਿ :—

Digitized by Panjab Digital Library | www.panjabdigilib.org

"ਹੇ ਮੂਰਖੋ ! ਤੁਹਾਡੇ ਇਹ ਵਿਖਾਵੇ ਦੇ ਸਾਰੇ ਜਪ-ਤਪ ਤੁਹਾਡੇ ਕਿਸੇ ਕੰਮ ਨਹੀਂ ਆਉਣਗੇ। ਪਵਿੱਤਰਤਾ ਤੇ ਸੁਧਤਾ ਇਹ ਨਹੀਂ ਕਿ ਤੁਸੀਂ ਆਪਣੇ ਸਰੀਰਾਂ ਨੂੰ ਕਸ਼ਟ ਦਿਓ; ਸਗੋਂ ਇਹ ਹੈ ਕਿ ਆਪਣੇ ਮਨਾਂ ਨੂੰ ਸ਼ੁਧ ਕਰੋ। ਸੂਰਮਾ ਉਹ ਨਹੀਂ ਹੈ, ਜੋ ਵਿਰੋਧਤਾ ਤੋਂ ਡਰ ਕੇ ਨਸ ਜਾਏ; ਸਗੋਂ ਉਹ ਹੈ, ਜੋ ਵਿਰੋਧਤਾ ਦੇ ਮੈਦਾਨ ਵਿਚ ਡਟ ਕੇ ਵੈਰੀ ਦਾ ਟਾਕਰਾ ਕਰੇ ਤੇ ਉਸ ਦੇ ਈਨ ਨਾ ਮੰਨੇ। ਪ੍ਰਭੂ ਨੇ ਜਿਸ ਚੀਜ਼ ਨੂੰ ਪਾਕ ਬਣਾਇਆ ਹੈ, ਉਸ ਤੋਂ ਪਾਪ ਉਤਪੰਨ ਹੋ ਹੀ ਨਹੀਂ ਸਕਦਾ। ਪਾਪ ਤਾਂ ਪ੍ਰਭੂ ਦੀਆਂ ਹੱਦਾਂ ਨੂੰ ਤੋੜਨ ਦਾ ਸਿੱਟਾ ਹੈ।

ਹੇ ਮੂਰਖੋ ! ਕੀ ਤੁਸੀਂ ਇਹ ਨਹੀਂ ਵੇਖਦੇ ਕਿ ਪ੍ਰਭੂ ਨੇ ਤੁਹਾਡੇ ਉੱਤੇ ਕੇਵਲ ਆਪਣੇ ਹੱਕ ਹੀ ਨੀਅਤ ਨਹੀਂ ਕੀਤੇ। ਜਦ ਉਸ ਨੇ ਤੁਹਾਨੂੰ ਭਾਈਚਾਰਕ ਸੁਭਾਉ ਵਾਲਾ ਬਣਾਇਆ ਹੈ, ਤਾਂ ਉਸ਼ ਨੇ ਤੁਹਾਡੇ ਉੱਤੇ ਤੁਹਾਡੇ ਆਪਣੇ ਬਣਾਏ ਮਿੱਤਰਾਂ, ਆਪਣੇ ਗਵਾਂਢੀਆਂ, ਆਪਣੇ ਦੇਸ਼, ਆਪਣੀ ਜਾਤੀ ਤੇ ਤੁਹਾਡੇ ਆਪਣੇ ਆਪ ਦੇ ਵੀ ਹੱਕ ਨੀਅਤ ਕੀਤੇ ਹਨ। ਤੁਸੀਂ ਜੇ ਏਹਨਾਂ ਸਾਰੇ ਹੱਕਾਂ ਦਾ ਤਿਆਗ ਕਰ ਕੇ ਜਤੀ ਬਣ ਜਾਉਗੇ, ਤਾਂ ਤੁਸੀਂ ਇਕ ਭਲਾਈ ਦੀ ਇੱਛਾ ਸਦਕਾ ਦਸ ਬੁਰਾਈਆਂ ਦੇ ਭਾਗੀ ਬਣੋਗੇ ਅਤੇ ਪਾਪਾਂ ਦੇ ਖੁੱਭਣ ਵਿਚੋਂ ਨਿਕਲਣ ਦੀ ਥਾਂ ਉਸ ਵਿਚ ਹੋਰ ਵੀ ਖੱਚਿਤ ਹੋ ਜਾਉਗੇ। ਤੁਹਾਡਾ ਗ੍ਰਹਸਤੀ ਜੀਵਨ ਬਤੀਤ ਨਾ ਕਰਨਾ, ਤੁਹਾਡੇ ਵਿਚ ਸੰਜਮਤਾ ਉਤਪੰਨ ਨਹੀਂ ਕਰ ਸਕਦਾ। ਜੇ ਮਨੁੱਖੀ-ਬੰਸ਼ ਦੇ ਅੰਤ ਦਾ ਨਾਂ ਹੀ ਭਲਾਈ ਹੈ, ਤਾਂ ਪ੍ਰਭੂ ਨੇ ਮਨੁੱਖਾਂ ਦੀ ਸਾਜਨਾ ਹੀ ਕਿਉਂ ਕੀਤੀ ? ਕੀ ਤੁਸੀਂ ਉਸ ਦੇ ਕੀਤੇ ਵਿਚ ਨੁਕਸ ਕਢਦੇ ਹੋ ? ਅਤੇ ਉਸ ਦੀ ਰਚਨਾ ਵਿਚ ਤਬਦੀਲੀ ਪੈਦਾ ਕਰਨ ਦੇ ਚਾਹਵਾਨ ਹੋ ? ਚੇਤੇ ਰੱਖੋ ਕਿ ਭਲਾਈ ਇਸ ਦਾ ਨਾਂ ਨਹੀਂ ਕਿ ਤੁਸੀਂ ਆਪਣੇ ਆਪ ਨੂੰ ਅਜਾਈਂ ਕਸ਼ਟ ਦਿਓ, ਅਰਥਾਤ ਬੂਹਿਆਂ ਦੇ

Digitized by Panjab Digital Library | www.panjabdigilib.org

ਹੁੰਦਿਆਂ ਹੋਇਆਂ ਕੰਧਾਂ ਟਪ ਕੇ ਅੰਦਰ ਆਓ; ਸਗੋਂ ਇਹ ਹੈ ਕਿ ਪ੍ਰਭੂ ਦੀਆਂ ਬਖਸ਼ੀਆਂ ਹੋਈਆਂ ਚੀਜ਼ਾਂ ਨੂੰ ਉਸ ਦੀਆਂ ਦੱਸੀਆਂ ਹੋਈਆਂ ਹੱਦ-ਬੰਦੀਆਂ ਅਨੁਸਾਰ ਵਰਤੋਂ ਵਿਚ ਲਿਆਓ; ਤਾਂ ਜੁ ਤੁਹਾਡੇ ਅੰਦਰ ਸੁਅਛ ਲਹੂ ਪੈਦਾ ਹੋਵੇ ਤੇ ਤੁਸੀਂ ਸ਼ੁਭ ਕਰਮ ਕਰਨ ਦੇ ਯੋਗ ਹੋ ਸਕੋ।"

ਮੈਂ ਇਹ ਅਨੁਭਵ ਕੀਤਾ ਕਿ ਏਹ ਗੱਲਾਂ ਵੱਡੀਆਂ ਸੋਹਣੀਆਂ ਤੇ ਏਹ ਉਪਦੇਸ਼ ਵੱਡੇ ਪਵਿੱਤਰ ਸਨ। ਏਹਨਾਂ ਨਾਲ ਮਨੁੱਖ ਜਾਤੀ ਦੇ ਨਿੰਮੋਝੂਣੇ ਮੁਖੜਿਆਂ ਤੇ ਵੱਡੀ ਰੌਣਕ ਆ ਗਈ ਸੀ, ਅਰਥਾਤ ਓਹਨਾਂ ਸਹਿਮੇ ਹੋਏ ਜੀਵਾਂ ਨੇ — ਜੋ ਆਪਣੇ ਪਰਛਾਵਿਆਂ ਤੋਂ ਵੀ ਡਰਦੇ ਸਨ, ਮੁੜ ਮਨੁੱਖਤਾ ਦਾ ਜਾਮਾ ਪਾ ਲਿਆ ਅਤੇ ਪ੍ਰਭੂ ਦੀ ਸਾਜੀ ਨਿਵਾਜੀ ਸੁੰਦਰਤਾ ਤੇ ਸਜਾਵਟ ਨੂੰ ਇਕ ਨਵੀਂ ਨਜ਼ਰ ਨਾਲ ਵੇਖਣਾ ਅਰੰਭ ਦਿੱਤਾ। ਓਹ ਲੋਕ ਜੋ ਜਗ ਦੀ ਹਰੇਕ ਚੀਜ਼ ਨੂੰ ਆਪਣਾ ਵੈਰੀ ਸਮਝਦੇ ਸਨ ਤੇ ਹਰੇਕ ਸੁੰਦਰਤਾ ਵਿਚ ਸ਼ੈਤਾਨ ਦਾ ਲੁਪਤ ਹੱਥ ਜਾਣਦੇ ਸਨ, ਅਰਥਾਤ ਸਾਰੇ ਜਗ ਨੂੰ ਵੈਰੀਆਂ ਵਿਚ ਘਿਰਿਆ ਹੋਇਆ ਅਨੁਭਵ ਕਰਦੇ ਸਨ ਤੇ ਆਪਣੇ ਆਪ ਨੂੰ ਕੱਲਮਕੱਲਾ ਸਮਝ ਕੇ ਘਬਰਾਏ ਹੋਏ ਫਿਰਦੇ ਸਨ, ਓਹਨਾਂ ਦੇ ਮੁਖੜਿਆਂ ਤੋਂ ਧੀਰਜ ਦਾ ਪਰਗਟਾਅ ਹੋਣ ਲਗ ਪਿਆ। ਓਹ ਹਰੇਕ ਚੀਜ਼ ਨੂੰ ਜ਼ਹਿਰ ਸਮਝਣ ਦੀ ਥਾਂ ਜ਼ਹਿਰ ਦਾ ਦਾਰੂ ਸਮਝਣ ਅਤੇ ਆਪਣੇ ਆਪ ਨੂੰ ਵੈਰੀਆਂ ਵਿਚ ਘਿਰਿਆ ਹੋਇਆ ਜਾਣਨ ਦੀ ਥਾਂ, ਇਹ ਸਮਝਣ ਲਗ ਪਏ ਕਿ ਪ੍ਰਭੂ ਨੇ ਪੈਰ ਪੈਰ ਤੇ ਓਹਨਾਂ ਦੇ ਸਹਾਇਕ ਤੇ ਮਦਦਗਾਰ ਥਾਪੇ ਹੋਏ ਹਨ। ਹਰੇਕ ਪੜਾਉ ਤੇ ਓਹਨਾਂ ਦੀ ਅਗਵਾਈ ਲਈ ਚਿੰਨ੍ਹ ਨੀਅਤ ਕੀਤੇ ਹੋਏ ਹਨ। ਇਸ ਤੇ ਓਹਨਾਂ ਨੇ ਆਪਣੀ ਕਾਹਲੀਆਂ ਤੇ ਲੱਜਾ ਪਰਗਟ ਕੀਤੀ ਅਤੇ ਆਪਣੀ ਮੂਰਖਤਾ ਤੇ ਸ਼ੋਕ ਪਰਗਟ ਕੀਤਾ। ਓਹ ਪ੍ਰਭੂ ਨੂੰ ਧੰਨ ਧੰਨ ਆਖਣ ਲਗ ਪਏ; ਕਿਉਂਕਿ ਉਸ ਨੇ ਇਸ ਜਗ ਨੂੰ ਓਹਨਾਂ ਦੇ ਵੈਰੀਆਂ ਨਾਲ ਨਹੀਂ ਭਰਿਆ ਸੀ; ਸਗੋਂ ਓਹਨਾਂ ਦੇ ਮਿੱਤਰਾਂ ਨਾਲ ਭਰਪੂਰ ਕੀਤਾ ਸੀ। ਧੰਨਵਾਦ ਤੇ ਕੀਤੇ ਨੂੰ ਯਾਦ

Digitized by Panjab Digital Library | www.panjabdigilib.org

ਰੱਖਣ ਵਾਲੇ ਭਾਵਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਪਾਲਨਹਾਰ ਤੇ ਸੱਚੇ ਆਗੂ ਦੇ ਹਜ਼ੂਰ ਸਿਜਦੇ ਵਿਚ ਡਿਗ ਪਏ। ਮੇਰੇ ਦਿਲ ਤੋਂ ਇਸ ਤੇ ਫੇਰ ਇਕ ਆਹ ਨਿਕਲੀ ਤੇ ਮੈਂ ਇਹ ਕਿਹਾ ਕਿ ਇਹ ਆਵਾਜ਼ ਤਾਂ ਮਨੁੱਖ ਜਾਤੀ ਲਈ ਵੀ ਰਹਿਮਤ ਹੀ ਸਿਧ ਹੋਈ ਹੈ।

ਬੀਤ ਚੁੱਕੇ ਨਬੀਆਂ ਤੇ ਰਸੂਲਾਂ ਲਈ ਰਹਿਮਤ

ਜਦੋਂ ਮੈਂ ਇਹ ਅਨੁਭਵ ਕਰ ਲਿਆ ਕਿ ਸਾਰੀ ਮਨੁੱਖ ਜਾਤੀ ਸੁਭਾਵਿਕ ਤੌਰ ਤੇ ਭਲੀ ਹੈ। ਇਸ ਵਿਚ ਉੱਨਤ ਹੋਣ ਦੇ ਗੁਣ ਲੁਪਤ ਹਨ ਅਤੇ ਪ੍ਰਭੂ ਦਾ ਨਿਕਟ ਵਰਤੀ ਬਣਨ ਦਾ ਮਾਰਗ ਅਥਾਹ ਹੈ, ਤਾਂ ਮੈਂ ਇਹ ਕਿਹਾ ਕਿ ਆਓ ਰਤਾ ਵੇਖੀਏ ਕਿ ਮਨੁੱਖ ਜਾਤੀ ਵਿਚੋਂ ਕਿੰਨੇ ਕਿੰਨੇ ਮਹਾਨ ਉੱਚੇ ਤੇ ਸੁੱਚੇ ਲੋਕ ਪੈਦਾ ਹੋਏ ਹਨ, ਅਰਥਾਤ ਮਨੁੱਖ ਜਾਤੀ ਦੇ ਉੱਚੇ ਨਮੂਨਿਆਂ ਨੂੰ ਵਾਚੀਏ ਤੇ ਵੇਖੀਏ ਕਿ ਓਹਨਾਂ ਨੇ ਕੀ ਕੀ ਕਮਾਲ ਹਾਸਲ ਕੀਤੇ ਹਨ? ਤੇ ਕਿੰਨੀਆਂ ਉਚਾਈਆਂ ਤਕ ਉਡਾਰੀਆਂ ਲਾਈਆਂ ਹਨ; ਤਾਂ ਮੈਂ ਆਲਮਿ-ਖਿਆਲ ਵਿਚ ਹਿੰਦੂ ਜਾਤੀ ਦੇ ਲੋਕਾਂ ਵਲ ਧਿਆਨ ਦਿੱਤਾ। ਮੈਂ ਓਹਨਾਂ ਤੋਂ ਇਹ ਪੁੱਛਿਆ ਕਿ ਤੁਹਾਡਾ ਦਾਅਵਾ ਇਹ ਹੈ ਕਿ ਤੁਸੀਂ ਸਭ ਤੋਂ ਪ੍ਰਾਚੀਨ ਜਾਤੀ ਹੋ ਤੇ ਤੁਹਾਡਾ ਧਰਮ ਵੀ ਸਭ ਤੋਂ ਪੁਰਾਤਨ ਹੈ। ਕੀ ਤੁਹਾਡੀ ਜਾਤੀ ਵਿਚੋਂ ਵੀ ਕੋਈ ਮਹਾਂ ਪੁਰਖ ਹੋਇਆ ਹੈ? ਮੈਨੂੰ ਇਹ ਸੁਣ ਕੇ ਵੱਡੀ ਖੁਸ਼ੀ ਹੋਈ ਕਿ ਹਿੰਦੂਆਂ ਵਿਚ ਵੀ ਕਈ ਵੱਡੇ ਵੱਡੇ ਮਹਾਂ ਪੁਰਖ ਹੋਏ ਹਨ। ਮੇਰੇ ਸਾਹਮਣੇ ਓਹਨਾਂ ਨੇ ਵੇਦਕ ਰਿਸ਼ੀਆਂ ਦੀ ਸਲਾਹੁਤਾ ਕੀਤੀ। ਮੈਨੂੰ ਓਹਨਾਂ ਨੇ ਮਨੂੰ ਜੀ ਮਹਾਰਾਜ ਤੋਂ ਜਾਣੂ ਕਰਾਇਆ। ਬਿਆਸ ਜੀ ਦਾ ਪਤਾ ਦਿੱਤਾ। ਸ੍ਰੀ ਰਾਮਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਬ੍ਰਿਤਾਂਤ ਸੁਣਾਏ। ਮੇਰਾ ਮਨ ਓਹਨਾਂ ਦੀਆਂ

Digitized by Panjab Digital Library | www.panjabdigilib.org

ਗੱਲਾਂ ਸੁਣ ਕੇ ਤੇ ਓਹਨਾਂ ਵਲੋਂ ਜਗ ਨੂੰ ਭਲਾਈ ਵਲ ਸੱਦਾ ਦੇਣਾ ਮਲੂਮ ਕਰਕੇ ਦ੍ਰਵ ਗਿਆ। ਮੈਂ ਓਹਨਾਂ ਤੋਂ ਇਹ ਪੁੱਛਿਆ ਕਿ ਤੁਹਾਡੇ ਗਵਾਂਢ ਵਿਚ ਬੁਧ ਧਰਮ ਦੇ ਸ਼ਰਧਾਲੂ ਵਸਦੇ ਹਨ। ਤੁਸੀਂ ਮੈਨੂੰ ਓਹਨਾਂ ਦੇ ਆਚਾਰੀਆ — ਮਹਾਤਮਾ ਬੁਧ ਜੀ — ਬਾਰੇ ਵੀ ਕੁਝ ਦੱਸੋ ? ਓਹਨਾਂ ਨੇ ਇਹ ਕਿਹਾ ਕਿ :—

"ਉਹ ਤਾਂ ਵੱਡੇ ਧੋਖੇ ਵਿਚ ਫਸਿਆ ਇਕ ਸਾਧਾਰਨ ਮਨੁੱਖ ਸੀ। ਉਹ ਪ੍ਰਭੂ ਦਾ ਪਿਆਰਾ ਤੇ ਅਵਤਾਰੀ ਪੁਰਖ ਨਹੀਂ ਸੀ।"

ਮੈਂ ਓਹਨਾਂ ਨੂੰ ਇਹ ਆਖਿਆ ਕਿ ਕਿਸੇ ਹੋਰ ਜਾਤੀ ਦੇ ਬਜ਼ੁਰਗ ਦਾ ਹਾਲ ਵੀ ਦੱਸੋ ? ਇਸ ਦਾ ਓਹਨਾਂ ਨੇ ਇਹ ਉੱਤਰ ਦਿੱਤਾ ਕਿ : —

"ਸਾਡਾ ਧਰਮ ਸਭ ਤੋਂ ਪੁਰਾਤਨ ਤੇ ਸਨਾਤਨ ਹੈ। ਪ੍ਰਭੂ ਨੇ ਆਪਣਾ ਗਿਆਨ ਕੇਵਲ ਸਾਡੇ ਰਿਸ਼ੀਆਂ-ਮੁਨੀਆਂ ਰਾਹੀਂ ਹੀ ਲੋਕਾਈ ਨੂੰ ਦਿੱਤਾ ਹੈ। ਇਸ ਤੋਂ ਮਗਰੋਂ ਪ੍ਰਭੂ ਨੂੰ ਕਿਸੇ ਹੋਰ ਗਿਆਨ ਦੇ ਭੇਜਣ ਜਾਂ ਸੁਮਾਰਗ ਦੱਸਣ ਦੀ ਕੀ ਲੋੜ ਸੀ ?"

ਇਸ ਤੇ ਮੈਂ ਬੁਧ ਧਰਮ ਦੇ ਸ਼ਰਧਾਲੂਆਂ ਵਲ ਧਿਆਨ ਦਿੱਤਾ। ਓਹਨਾਂ ਤੋਂ ਓਹਨਾਂ ਦੇ ਧਰਮ ਸਥਾਪਕ — ਮਹਾਤਮਾ ਬੁਧ ਜੀ — ਦਾ ਹਾਲ ਪੁੱਛਿਆ। ਓਹਨਾਂ ਨੇ ਮੈਨੂੰ ਮਹਾਤਮਾ ਜੀ ਦਾ ਜੋ ਹਾਲ ਸੁਣਾਇਆ, ਉਹ ਵੱਡਾ ਮਨਮੋਹਣਾ ਤੇ ਪ੍ਰਭਾਵਸ਼ਾਲੀ ਸੀ। ਉਸ ਨੂੰ ਸੁਣ ਕੇ ਮੇਰਾ ਦਿਲ ਪਸੀਜ ਗਿਆ ਤੇ ਓਹਨਾਂ ਦਾ ਪਿਆਰ ਭਰਿਆ ਸਤਿਕਾਰ ਮੇਰੇ ਲੂੰ ਲੂੰ ਵਿਚ ਰਚ ਗਿਆ। ਮੈਂ ਇਹ ਕਿਹਾ ਕਿ — ਆਪ ਦੇ ਧਰਮ ਦੇ ਸਥਾਪਕ — ਮਹਾਤਮਾ ਬੁਧ ਜੀ — ਸਚਮੁਚ ਇਕ ਵੱਡੇ ਮਹਾਂ ਪੁਰਖ ਸਨ। ਉਹਨਾਂ ਨੇ ਆਪ ਦੁਖ ਝਲ ਕੇ ਦੂਜਿਆਂ ਨੂੰ ਸੁਖ ਪੁਚਾਇਆ। ਆਪ ਕਸ਼ਟ ਝੱਲੇ, ਪਰ ਦੂਜਿਆਂ ਨੂੰ ਆਰਾਮ ਦਿੱਤਾ। ਗਲ ਕੀ, ਉਹਨਾਂ ਨੇ ਆਪਣਾ ਸਾਰਾ ਜੀਵਨ ਮਨੁੱਖ ਜਾਤੀ ਦੀ ਭਲਾਈ ਲਈ ਅਰਪਣ ਕਰ ਦਿੱਤਾ। ਉਹਨਾਂ ਦਾ ਜੀਵਨ ਸ੍ਰੀ ਰਾਮਚੰਦਰ

Digitized by Panjab Digital Library | www.panjabdigilib.org

ਜੀ ਤੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਜੇਹਾ ਹੀ ਸੀ। ਓਹ ਵੀ ਇਹਨਾਂ ਵਾਂਗ ਹੀ ਆਤਮਕ ਮੰਡਲ ਦੇ ਤਾਰੇ ਸਨ। ਪਤਾ ਨਹੀਂ ਕਿਉਂ ਹਿੰਦੂ ਜਾਤੀ ਮਹਾਤਮਾ ਬੁਧ ਜੀ ਨੂੰ ਚੰਗਾ ਨਹੀਂ ਸਮਝਦੀ? ਤੇ ਕਿਉਂ ਉਹਨਾਂ ਦੇ ਗੁਣਾਂ ਦੀ ਕਦਰ ਨਹੀਂ ਕਰਦੀ? ਮੇਰੀਆਂ ਇਹ ਗੱਲਾਂ ਸੁਣ ਕੇ ਓਹਨਾਂ ਨੇ ਵੱਡੇ ਰੋਹ ਨਾਲ ਇਹ ਕਿਹਾ ਕਿ :—

"ਤੁਸੀਂ ਵੱਡੀ ਭੁਲ ਵਿਚ ਹੋ। ਸਾਡੇ ਗੌਤਮ ਬੁਧ ਜੀ ਅਤੇ ਸ੍ਰੀ ਰਾਮਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਵਿਚ ਕੋਈ ਮੇਲ ਜਾਂ ਸਾਂਝ ਨਹੀਂ। ਤੁਸੀਂ ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਬਾਰੇ ਜੋ ਕੁਝ ਸੁਣਿਆ ਹੈ, ਉਹ ਕੇਵਲ ਕਿੱਸੇ-ਕਹਾਣੀਆਂ ਹੀ ਹਨ। ਹਿੰਦੂਆਂ ਦੇ ਬਜ਼ੁਰਗ ਸਾਡੇ ਆਚਾਰੀਆ ਮਹਾਤਮਾ ਬੁਧ ਜੀ ਦੀ ਪਦਵੀ ਨੂੰ ਪ੍ਰਾਪਤ ਨਹੀਂ ਹੋ ਸਕਦੇ।"

ਮੈਂ ਓਹਨਾਂ ਨੂੰ ਬਥੇਰਾ ਸਮਝਾਇਆ ਕਿ ਦੋਹਾਂ ਜਾਤੀਆਂ ਦੇ ਮਹਾਂ ਪੁਰਖਾਂ ਦਾ ਹਾਲ ਆਪਸ ਵਿਚ ਵੱਡਾ ਮਿਲਦਾ ਹੈ ਤੇ ਓਹਨਾਂ ਦੇ ਵਿਰੋਧੀਆਂ ਦੇ ਭਿਆਨਕ ਅੰਤ ਵਿਚ ਵੀ ਵੱਡੀ ਸਾਂਝ ਹੈ। ਪਰ ਬੁਧ ਮਤਿ ਦੇ ਸ਼ਰਧਾਲੂ ਇਹ ਮੰਨਣ ਲਈ ਤਿਆਰ ਨਾ ਹੋਏ।

ਇਸ ਤੋਂ ਮਗਰੋਂ ਮੈਂ ਜ਼ਰਦਸ਼ਤੀਆਂ ਵਲ ਧਿਆਨ ਦਿੱਤਾ ਤੇ ਓਹਨਾਂ ਤੋਂ ਇਹ ਪੁੱਛਿਆ ਕਿ ਕੀ ਓਹਨਾਂ ਵਿਚ ਵੀ ਕੋਈ ਅਵਤਾਰੀ ਪੁਰਸ਼ ਪਰਗਟ ਹੋਇਆ ਹੈ? ਜ਼ਰਦਸ਼ਤੀਆਂ ਨੇ ਮੈਨੂੰ ਆਪਣੇ ਮਹਾਂ ਪੁਰਖ ਹਜ਼ਰਤ ਜ਼ਰਦਸ਼ਤ ਜੀ ਦੀ ਜਾਣ ਪਛਾਣ ਕਰਵਾਈ। ਓਹਨਾਂ ਦੀਆਂ ਗੱਲਾਂ ਸੁਣ ਕੇ ਮੈਂ ਵੱਡਾ ਖੁਸ਼ ਹੋਇਆ; ਕਿਉਂ ਜੁ ਇਸ ਮਹਾਂ ਪੁਰਖ ਦਾ ਪਵਿੱਤਰ ਜੀਵਨ ਵੱਡਾ ਸਿਖਿਆ-ਦਾਇਕ ਸੀ। ਬੁਰਾਈ ਦੇ ਵਿਰੁਧ ਇਸ ਦਾ ਸੰਗਰਾਮ; ਭਲਾਈ ਦੀ ਸਥਾਪਨਾ ਲਈ ਇਸ ਦੇ ਸਿਰਤੋੜ ਜਤਨ ਤੇ ਲੋਕਾਈ ਨੂੰ ਪ੍ਰਭੂ ਨਾਲ ਜੋੜਨ ਦੀ ਇਸ ਦੀ ਘਾਲ-ਕਮਾਈ ਇੰਨੀ ਸ਼ਾਨਦਾਰ ਸੀ ਕਿ ਉਸ ਨੂੰ ਸੁਣ ਕੇ ਜੰਮੇ ਹੋਏ ਖ਼ੂਨ ਵਿਚ ਵੀ ਮੁੜ ਹਰਾਰਤ ਪੈਦਾ ਹੋ ਜਾਂਦੀ ਸੀ ਤੇ ਰੁਕੇ ਹੋਏ ਦਿਲ ਵੀ ਮੁੜ ਧੜਕਣ

Digitized by Panjab Digital Library | www.panjabdigilib.org

ਲਗ ਪੈਂਦੇ ਸਨ। ਮੈਂ ਉਹਨਾਂ ਦਾ ਹਾਲ ਸੁਣ ਕੇ ਵੱਡਾ ਪ੍ਰਭਾਵਿਤ ਹੋਇਆ ਤੇ ਇਹ ਕਿਹਾ ਕਿ :—

"ਉਹ ਤਾਂ ਬਿਲਕੁਲ ਸ੍ਰੀ ਰਾਮਚੰਦਰ ਜੀ, ਸ੍ਰੀ ਕ੍ਰਿਸ਼ਨ ਜੀ ਤੇ ਮਹਾਤਮਾ ਬੁਧ ਜੀ ਦਾ ਹੀ ਰੂਪ ਹਨ। ਅਤੇ ਇਸ ਯੋਗ ਹਨ ਕਿ ਓਹਨਾਂ ਦੇ ਨਮੂਨੇ ਤੋਂ ਲਾਭ ਪ੍ਰਾਪਤ ਕੀਤਾ ਜਾਏ ਤੇ ਉਹਨਾਂ ਦੇ ਪਾਏ ਹੋਏ ਪੂਰਣਿਆਂ ਤੇ ਤੁਰਿਆ ਜਾਏ।"

ਪਰ ਮੈਨੂੰ ਇਸ ਤੇ ਵੱਡਾ ਅਚੰਭਾ ਹੋਇਆ ਕਿ ਓਹਨਾਂ ਨੇ ਮੇਰੀ ਇਸ ਗਲ ਤੇ ਵੱਡਾ ਰੋਸ ਪਰਗਟ ਕੀਤਾ। ਓਹਨਾਂ ਨੇ ਮੇਰੇ ਇਸ ਕਥਨ ਵਿਚ ਆਪਣੇ ਮਹਾਂ ਪੁਰਖ ਦੀ ਹੇਠੀ ਸਮਝੀ ਤੇ ਵੱਡੇ ਰੋਹ ਨਾਲ ਕਿਹਾ ਕਿ :—

"ਤੁਹਾਨੂੰ ਤਾਂ ਇਹ ਪਤਾ ਹੀ ਨਹੀਂ ਕਿ ਹਿੰਦੂਆਂ ਦਾ ਸੰਬੰਧ ਭੈੜੀਆਂ ਆਤਮਾਵਾਂ ਨਾਲ ਹੈ। ਆਪ ਨੇ ਇਹ ਨਹੀਂ ਸੁਣਿਆ ਕਿ ਓਹ ਇੰਦਰ ਆਦਿ ਦੇਵਤਿਆਂ ਦੇ ਸ਼ਰਧਾਲੂ ਹਨ। ਜੇ ਤੁਸੀਂ ਸਾਡੀਆਂ ਧਰਮ ਪੁਸਤਕਾਂ ਦਾ ਅਧਿਐਨ ਕਰੋ, ਤਾਂ ਤੁਹਾਨੂੰ ਇਹ ਪਤਾ ਲਗ ਜਾਏ ਕਿ ਇਹ ਤਾਂ ਭੈੜੀਆਂ ਆਤਮਾਵਾਂ ਦੇ ਨਾਂ ਹਨ। ਤੁਸੀਂ ਸਾਡੇ ਬਜ਼ੁਰਗਾਂ ਨੂੰ ਓਹਨਾਂ ਦੇ ਬਜ਼ੁਰਗਾਂ ਨਾਲ ਕਿਉਂ ਤੁਲਨਾ ਦਿੱਤੀ ਹੈ?"

ਮੇਰੀ ਹੈਰਾਨੀ – ਜੋ ਦੁਨੀਆਂ ਦੀਆਂ ਗੱਲਾਂ ਸੁਣ ਸੁਣ ਕੇ ਪਹਿਲਾਂ ਹੀ ਚੋਖੀ ਵਧੀ ਹੋਈ ਸੀ – ਹੋਰ ਵੀ ਵਧ ਗਈ। ਮੈਂ ਵੱਡੇ ਅਚੰਭੇ ਤੇ ਹੈਰਾਨੀ ਨਾਲ ਹੋਰ ਜਾਤੀਆਂ ਵਲ ਝਾਤ ਮਾਰੀ। ਮੈਂ ਯਹੂਦੀਆਂ ਨੂੰ ਸੰਬੋਧਨ ਕੀਤਾ ਤੇ ਓਹਨਾਂ ਤੋਂ ਓਹਨਾਂ ਦੇ ਮਹਾਂਪੁਰਖਾਂ ਦਾ ਹਾਲ ਪੁੱਛਿਆ। ਓਹਨਾਂ ਨੇ ਆਪਣੇ ਮਹਾਂ ਪੁਰਖਾਂ ਦੀ ਇਕ ਚੋਖੀ ਲੰਮੀ ਲੜੀ ਮੇਰੇ ਅੱਗੇ ਰਖ ਦਿੱਤੀ। ਓਹਨਾਂ ਇਸ ਜਗਤ ਦਾ ਅਰੰਭ ਹਜ਼ਰਤ ਆਦਮ ਜੀ ਤੋਂ ਵਰਣਨ ਕੀਤਾ। ਹਜ਼ਰਤ ਨੂਹ ਜੀ ਦੇ ਤੂਫਾਨ ਤੇ ਉਹਨਾਂ ਦੀਆਂ ਜਿੱਤਾਂ ਦਾ ਹਾਲ ਸੁਣਾਇਆ। ਹਜ਼ਰਤ ਇਬਰਾਹੀਮ ਜੀ ਦੀਆਂ ਕਾਮਯਾਬੀਆਂ ਤੋਂ ਜਾਣੂ ਕਰਾਇਆ। ਇਸੇ ਤਰ੍ਹਾਂ ਓਹਨਾਂ ਨੇ ਹਜ਼ਰਤ

Digitized by Panjab Digital Library | www.panjabdigilib.org

ਇਸਹਾਕ ਜੀ, ਹਜ਼ਰਤ ਯਾਕੂਬ ਜੀ, ਹਜ਼ਰਤ ਯੂਸਫ਼ ਜੀ, ਹਜ਼ਰਤ ਮੂਸਾ ਜੀ, ਹਜ਼ਰਤ ਹਾਰੂਨ ਜੀ, ਹਜ਼ਰਤ ਦਾਊਦ ਜੀ, ਹਜ਼ਰਤ ਯਸਾਅਯਾ ਜੀ ਤੇ ਹਜ਼ਰਤ ਅਜ਼ਰਾ ਜੀ ਆਦਿ ਹੋਰ ਕਈ ਮਹਾਂਪੁਰਖਾਂ ਦੇ ਸ਼ਾਨਦਾਰ ਕਾਰਨਾਮੇ ਸੁਣਾਏ। ਓਹਨਾਂ ਨੇ ਹਜ਼ਰਤ ਮੂਸਾ ਜੀ ਦਾ ਉਚੇਚਾ ਵਰਣਨ ਕੀਤਾ ਤੇ ਮੈਨੂੰ ਇਹ ਦੱਸਿਆ ਕਿ :—

"ਉਹ ਸਭ ਤੋਂ ਵੱਡੇ ਨਬੀ ਤੇ ਰਸੂਲ ਸਨ। ਉਹਨਾਂ ਰਾਹੀਂ ਜਗਤ ਵਿਚ ਸ਼ਰੀਅਤ ਪੂਰਣਤਾ ਨੂੰ ਪ੍ਰਾਪਤ ਹੋਈ ਸੀ।"

ਇਸ ਦੇ ਨਾਲ ਹੀ ਓਹਨਾਂ ਨੇ ਮੈਨੂੰ ਇਹ ਵੀ ਦੱਸਿਆ ਕਿ :—

"ਹਜ਼ਰਤ ਮੂਸਾ ਜੀ ਦੀ ਸ਼ਰੀਅਤ ਦੇ ਸਾਰੇ ਹੁਕਮ ਵੱਡੇ ਪੂਰਣ ਤੇ ਵਿਸਥਾਰ ਪੂਰਬਕ ਹਨ। ਜਦ ਤਕ ਇਹ ਦਿਸਦਾ ਜਗਤ ਵਿਦਮਾਨ ਹੈ, ਕੋਈ ਪ੍ਰਾਣੀ ਓਹਨਾਂ ਦੀ ਇਕ ਲਗ-ਮਾਤਰ ਵੀ ਨਹੀਂ ਮਿਟਾ ਸਕਦਾ।"

ਮੈਂ ਇਹ ਅਨੁਭਵ ਕੀਤਾ ਕਿ ਮਹਾਂ ਪੁਰਖਾਂ ਦੀ ਇਸ ਲੜੀ ਵਿਚ ਹਜ਼ਰਤ ਇਬਰਾਹੀਮ ਜੀ, ਹਜ਼ਰਤ ਮੂਸਾ ਜੀ ਤੇ ਹਜ਼ਰਤ ਦਾਊਦ ਜੀ ਵੱਡੀਆਂ ਸ਼ਾਨਾਂ ਵਾਲੇ ਨਬੀ ਸਨ। ਹਜ਼ਰਤ ਇਬਰਾਹੀਮ ਜੀ ਦਾ ਹਾਲ ਤਾਂ ਅਜੇਹਾ ਸੀ ਕਿ ਮੇਰਾ ਮਨ ਪਿਆਰ ਤੇ ਸਤਿਕਾਰ ਭਰੇ ਭਾਵਾਂ ਨਾਲ ਨੱਕੋਨੱਕ ਹੋ ਗਿਆ, ਹਜ਼ਰਤ ਮੂਸਾ ਜੀ ਦੀ ਆਪਣੀ ਜਾਤੀ ਦੇ ਸੁਧਾਰ ਲਈ ਸਿਰਤੋੜ ਕੋਸ਼ਿਸ਼ ਅਤੇ ਇਕ ਭੋਲੇ ਭਾਲੇ ਬਾਲਕ ਵਰਗੀ ਸਾਦਗੀ ਨਾਲ ਪ੍ਰਭੂ ਵਲ ਝੁਕਾਓ ਦਾ ਅਜੇਹਾ ਮਨਮੋਹਣਾ ਦ੍ਰਿਸ਼ ਸੀ ਕਿ ਮੇਰਾ ਉਥੋਂ ਹਿਲਣ ਨੂੰ ਵੀ ਦਿਲ ਨਹੀਂ ਸੀ ਕਰਦਾ। ਪਰ ਹਜ਼ਰਤ ਦਾਊਦ ਜੀ ਦਾ ਪ੍ਰੇਮ ਵੀ ਕੋਈ ਘਟ ਵਲਵਲੇ ਭਰਪੂਰ ਨਹੀਂ ਸੀ। ਵਿਉਂ ਜਾਪਦਾ ਸੀ ਕਿ ਹਜ਼ਰਤ ਦਾਊਦ ਦੇ ਲੂ ਲੂੰ ਵਿਚ ਪ੍ਰੇਮ ਦੀ ਬਿਜਲੀ ਰਚੀ ਹੋਈ ਹੈ। ਉਹਨਾਂ ਦੀ ਆਵਾਜ਼ ਦੀ ਹਰੇਕ ਲਹਿਰ ਵਿਚ ਸੰਗੀਤ ਦੀ ਆਤਮਾ ਨਚਦੀ ਭਾਸਦੀ ਸੀ। ਉਹਨਾਂ ਦੇ ਬ੍ਰਿਹਾ ਭਰੇ ਗੀਤ ਨਾ ਕੇਵਲ ਪ੍ਰਭੂ-ਪ੍ਰੇਮ ਦੀਆਂ ਡੂੰਘਾਈਆਂ ਦਾ ਹੀ ਪਤਾ ਦਿੰਦੇ ਸਨ; ਸਗੋਂ ਉਹਨਾਂ ਦੇ ਗੀਤਾਂ

Digitized by Panjab Digital Library | www.panjabdigilib.org

ਵਿਚ ਅਜੇਹੇ ਪ੍ਰੀਤਮ-ਪਿਆਰੇ ਦਾ ਪਰਗਟਾਅ ਵੀ ਕੀਤਾ ਗਿਆ ਸੀ, ਜੋ ਅਜੇ ਇਸ ਜਗ ਵਿਚ ਪਰਗਟ ਨਹੀਂ ਹੋਇਆ ਸੀ। ਪਰ ਦਿਵ-ਦ੍ਰਿਸ਼ਟੀ ਵਾਲੇ ਉਸ ਦੇ ਉਡੀਕਵਾਨ ਸਨ। ਓਹ ਆਪਣੇ ਆਤਮਕ ਨੇਤਰਾਂ ਨਾਲ ਉਸ ਦੇ ਦਰਸ਼ਨ ਕਰਕੇ ਉਸ ਤੇ ਮੋਹਿਤ ਹੋ ਰਹੇ ਸਨ। ਮੈਨੂੰ ਹਜ਼ਰਤ ਮੂਸਾ ਜੀ ਦੀਆਂ ਗੱਲਾਂ ਵਿਚ ਵੀ ਇਸ ਦੀ ਝਲਕ ਦਿਸਦੀ ਸੀ, ਪਰ ਉੱਥੇ ਇਕ ਫ਼ਲਾਸਫ਼ਰ ਬੋਲਦਾ ਹੋਇਆ ਨਜ਼ਰ ਆ ਰਿਹਾ ਸੀ। ਹਜ਼ਰਤ ਦਾਊਦ ਜੀ ਦੇ ਗੀਤਾਂ ਵਿਚ ਪ੍ਰੇਮ, ਸੰਗੀਤ ਤੇ ਬ੍ਰਿਹਾ ਕੁਟ ਕੁਟ ਕੇ ਭਰਿਆ ਹੋਇਆ ਸੀ। ਇਹ ਜਾਪਦਾ ਸੀ ਕਿ ਹਜ਼ਰਤ ਦਾਊਦ ਜੀ ਨੇ ਸੂਰਜ ਤੇ ਚੰਨ ਨੂੰ ਇੱਕੋ ਸਮੇਂ ਹੀ ਵੇਖਿਆ ਸੀ। ਕਦੇ ਉਹ ਇਕ ਦੇ ਜਲਾਲ ਨੂੰ ਵੇਖਦੇ ਸਨ ਤੇ ਕਦੇ ਦੂਜੇ ਦੇ ਜ਼ਮਾਲ ਨੂੰ; ਅਰਥਾਤ ਜੇ ਓਹ ਇਕ ਦੇ ਪ੍ਰਭਾਵ ਪਾਊ ਗੁਣ ਨੂੰ ਵੇਖ ਕੇ ਮੋਹਿਤ ਹੋ ਰਹੇ ਸਨ, ਤਾਂ ਦੂਜੇ ਦਾ ਪ੍ਰਭਾਵ ਕਬੂਲ ਕਰਨ ਵਾਲਾ ਗੁਣ ਵੀ ਓਹਨਾਂ ਨੂੰ ਵੱਡਾ ਮਸਤ ਕਰ ਰਿਹਾ ਸੀ।

ਮੇਰੀ ਆਤਮਾ ਯਹੂਦੀਆਂ ਦੇ ਮਹਾਂ ਪੁਰਖਾਂ ਦੇ ਹਾਲ ਸੁਣ ਕੇ ਦ੍ਰਵ ਗਈ। ਉਸ ਨੇ ਇਹ ਜਾਤਾ ਕਿ ਇੱਥੋਂ ਉਸ ਦੀ ਵਿਆਕੁਲਤਾ ਤੇ ਬਿਹਬਲਤਾ ਦਾ ਦਾਰੂ ਲਭ ਪਏਗਾ। ਉਸ ਨੇ ਵੱਡੇ ਚਾਉ ਨਾਲ ਓਹਨਾਂ ਤੋਂ ਪੁੱਛਿਆ ਕਿ :— ਹਿੰਦੂਆਂ, ਬੋਧੀਆਂ ਤੇ ਜ਼ਰਦਸ਼ਤੀਆਂ ਦੇ ਮਹਾਂਪੁਰਖ਼ਾਂ ਬਾਰੇ ਓਹਨਾਂ ਦੇ ਕੀ ਵਿਚਾਰ ਹਨ ? ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦ ਓਹਨਾਂ ਨੇ ਮੈਨੂੰ ਇਹ ਉੱਤਰ ਦਿੱਤਾ ਕਿ :—

> "ਤੁਸੀਂ ਓਹਨਾਂ ਦੇ ਧੋਖਿਆਂ ਵਿਚ ਨਾ ਆਓ। ਓਹ ਸਾਰੇ ਹੀ ਕੁਰਾਹੀਏ ਸਨ। ਪ੍ਰਭੂ ਦੀ ਅਕਾਸ਼ਬਾਣੀ ਦੇ ਅਧਿਕਾਰੀ ਤਾਂ ਕੇਵਲ ਇਬਰਾਨੀ ਹੀ ਹੋ ਸਕਦੇ ਹਨ। ਪ੍ਰਭੂ ਦੀ ਬੋਲੀ ਵੀ ਇਬਰਾਨੀ ਹੈ। ਸਵਰਗਾਂ ਵਿਚ ਵੀ ਇਬਰਾਨੀ ਹੀ ਬੋਲੀ ਜਾਂਦੀ ਹੈ। ਫ਼ਰਿਸ਼ਤੇ ਵੀ ਇਬਰਾਨੀ ਹੀ ਬੋਲਦੇ ਹਨ। ਪਰ ਓਹਨਾਂ ਲੋਕਾਂ ਦਾ ਦਾਅਵਾ ਤਾਂ ਸੰਸਕ੍ਰਿਤ, ਪ੍ਰਾਕ੍ਰਿਤ ਤੇ ਪਹਿਲਵੀ ਬੋਲੀਆਂ ਵਿਚ ਇਲਹਾਮ ਹੋਣ ਦਾ ਹੈ। ਓਹਨਾਂ ਦਾ ਇਹ ਦਾਅਵਾ ਤਾਂ ਮੂਲੋਂ ਹੀ ਗਲਤ ਹੈ।"

Digitized by Panjab Digital Library | www.panjabdigilib.org

ਕਈਆਂ ਨੇ ਰੋਸ ਪਰਗਟ ਕਰਦਿਆਂ ਹੋਇਆਂ ਇਹ ਕਿਹਾ ਕਿ :—

"ਆਪ ਦੇ ਵਿਚਾਰ ਅਨੁਸਾਰ ਤਾਂ ਸ਼ੈਤਾਨ ਦੀ ਬੋਲੀ ਵੀ ਇਬਰਾਨੀ ਹੀ ਸੀ। ਜਦ ਸ਼ੈਤਾਨ ਸੰਸਕ੍ਰਿਤ, ਪ੍ਰਾਕ੍ਰਿਤ ਤੇ ਪਹਿਲਵੀ ਦੇ ਜਾਣੂਆਂ ਦੇ ਮਨਾਂ ਵਿਚ ਮੰਦ ਭਾਵਨਾ ਤੇ ਮੰਦ ਵਾਸ਼ਨਾ ਉਤਪੰਨ ਕਰ ਸਕਦਾ ਸੀ, ਤਾਂ ਫ਼ਰਿਸ਼ਤੇ ਭਲੀਆਂ ਗੱਲਾਂ ਦੀ ਪ੍ਰੇਰਨਾ ਕਿਉਂ ਨਹੀਂ ਕਰ ਸਕਦੇ ਸਨ ? ਜਦ ਕਿ ਓਹ ਵੀ ਪ੍ਰਭੂ ਦੀ ਹੀ ਰਚਨਾ ਸਨ ? ਓਹਨਾਂ ਦੇ ਸੁਧਾਰ ਦਾ ਪ੍ਰਭੂ ਨੇ ਕੀ ਪ੍ਰਬੰਧ ਕੀਤਾ ਸੀ ?"

ਪਰ ਓਹਨਾਂ ਨੇ ਏਹਨਾਂ ਗੱਲਾਂ ਵਲ ਕੋਈ ਧਿਆਨ ਨਾ ਦਿੱਤਾ ਤੇ ਕੇਵਲ ਏਹੋ ਹੀ ਕਹਿੰਦੇ ਰਹੇ ਕਿ :—

"ਸਾਰੀ ਰਚਨਾ ਇਕ ਸਮਾਨ ਨਹੀਂ ਹੈ। ਅਸੀਂ ਪ੍ਰਭੂ ਦੀ ਚੋਣਵੀਂ ਜਾਤੀ ਹਾਂ। ਅਸੀਂ ਤੇ ਹੋਰ ਲੋਕ ਇੱਕੋ ਜੇਹੇ ਨਹੀਂ ਹੋ ਸਕਦੇ।"

ਮੇਰਾ ਦਿਲ ਮੁੜ ਅੰਦਰ ਹੀ ਅੰਦਰ ਬੈਠਣ ਲੱਗਾ। ਮੈਨੂੰ ਫੇਰ ਚਾਨਣਾ ਅਲੋਪ ਹੁੰਦਾ ਤੇ ਅੰਧਕਾਰ ਪਸਰਦਾ ਨਜ਼ਰ ਆਇਆ। ਮੈਂ ਵੱਡੀ ਉਪਰਾਮਤਾ ਨਾਲ ਈਸਾਈਆਂ ਨੂੰ ਸੰਬੋਧਨ ਕੀਤਾ। ਮੈਂ ਆਪਣੀ ਇਸ ਖਿਆਲੀ ਦੁਨੀਆ ਵਿਚ ਹੀ ਓਹਨਾਂ ਤੋਂ ਮਸੀਹ ਜੀ ਬਾਰੇ ਪੁਛਗਿਛ ਕੀਤੀ। ਓਹਨਾਂ ਨੇ ਮੈਨੂੰ ਮਸੀਹ ਜੀ ਦੀ ਜੋ ਵਾਰਤਾ ਸੁਣਾਈ, ਉਹ ਵੱਡੀ ਦਰਦ ਭਰੀ ਤੇ ਦਿਲ ਕੰਬਾਊ ਸੀ। ਮੇਰੀਆਂ ਅੱਖਾਂ ਵਿਚੋਂ ਮੁੜ ਮੁੜ ਹੰਝੂ ਵਗ ਰਹੇ ਸਨ। ਮੈਂ ਕਿਹਾ ਕਿ ਨਿਰਸੰਦੇਹ ਇਹ ਮਹਾਂ ਪੁਰਖ ਵੀ ਦੂਜੀਆਂ ਜਾਤੀਆਂ ਦੇ ਮਹਾਂ ਪੁਰਖਾਂ ਸਮਾਨ ਹੀ ਸੀ। ਪਰ ਓਹ ਮੇਰੀ ਇਸ ਗਲ ਤੇ ਖੁਸ਼ ਹੋਣ ਦੀ ਥਾਂ ਵੱਡੇ ਗੁੱਸੇ ਹੋਏ। ਓਹਨਾਂ ਨੇ ਮੈਨੂੰ ਵੱਡੇ ਰੋਹ ਨਾਲ ਇਹ ਕਿਹਾ ਕਿ :—

"ਤੁਸੀਂ ਸਾਡੇ ਸਾਹਮਣੇ ਦੂਜੀਆਂ ਜਾਤੀਆਂ ਦੇ ਮਹਾਂਪੁਰਖਾਂ ਦਾ ਨਾਂ ਨਾ ਲਓ। ਯਹੂਦੀਆਂ ਤੋਂ ਬਾਹਰ ਤਾਂ ਅੱਜ ਤਕ ਕੋਈ ਮਹਾਂਪੁਰਖ ਹੋਇਆ ਹੀ ਨਹੀਂ, ਅਤੇ ਯਹੂਦੀਆਂ ਦੇ ਮਹਾਂ ਪੁਰਖ ਵੀ ਭਾਵੇਂ ਰੱਬ

Digitized by Panjab Digital Library | www.panjabdigilib.org

ਵਲੋਂ ਹੀ ਪਰਗਟ ਹੋਏ ਸਨ, ਪਰ ਓਹ ਸਾਰੇ ਦੇ ਸਾਰੇ ਪਾਪੀ ਤੇ ਗੁਨਾਹਗਾਰ ਸਨ। ਹਜ਼ਰਤ ਆਦਮ ਜੀ ਤੋਂ ਲੈ ਕੇ ਹਜ਼ਰਤ ਮਲਾਕੀ ਨਬੀ ਜੀ ਤਕ; ਸਗੋਂ ਹਜ਼ਰਤ ਯੱਹਯਾ (ਯੂਹੱਨਾ) ਜੀ ਤਕ ਇਕ ਵੀ ਪਾਕ ਆਤਮਾ ਵਾਲਾ ਮਹਾਂ ਪੁਰਖ ਨਹੀਂ ਹੋਇਆ। ਪਵਿੱਤਰਤਾ ਤਾਂ ਕੇਵਲ ਪ੍ਰਭੂ-ਪੁੱਤਰ ਨੂੰ ਹੀ ਪ੍ਰਾਪਤ ਹੈ, ਜੋ ਮਸੀਹ ਦੇ ਰੂਪ ਵਿਚ ਪਰਗਟ ਹੋਇਆ ਹੈ।"

ਇਸ ਤੇ ਮੈਂ ਓਹਨਾਂ ਤੋਂ ਇਹ ਪੁੱਛਿਆ ਕਿ :—

ਹੋਰ ਬਾਕੀ ਜਾਤੀਆਂ ਬਾਰੇ ਤੁਹਾਡੇ ਕੀ ਵਿਚਾਰ ਹਨ ?

ਓਹਨਾਂ ਨੇ ਇਸ ਦਾ ਇਹ ਉੱਤਰ ਦਿੱਤਾ ਕਿ :—

"ਓਹ ਵੀ ਮਸੀਹ ਤੇ ਸ਼ਰਧਾ ਧਾਰਨ ਕਰ ਕੇ ਹੀ ਬਚ ਸਕਦੀਆਂ ਹਨ।"

ਇਸ ਤੇ ਮੈਂ ਓਹਨਾਂ ਤੇ ਇਹ ਪ੍ਰਸ਼ਨ ਕੀਤਾ ਕਿ ਮਸੀਹ ਤੋਂ ਮਗਰੋਂ ਆਉਣ ਵਾਲੇ ਲੋਕ ਤਾਂ ਭਲਾ ਇਸ ਤਰ੍ਹਾਂ ਬਚ ਸਕਦੇ ਹਨ, ਪਰ ਪਹਿਲੇ ਲੋਕਾਂ — ਸ੍ਰੀ ਕ੍ਰਿਸ਼ਨ ਜੀ, ਸ੍ਰੀ ਰਾਮ ਚੰਦਰ ਜੀ, ਮਹਾਤਮਾ ਬੁਧ ਜੀ ਤੇ ਹਜ਼ਰਤ ਜ਼ਰਦਸ਼ਤ ਜੀ ਬਾਰੇ ਤੁਹਾਡੇ ਕੀ ਵਿਚਾਰ ਹਨ ? ਓਹ ਤਾਂ ਨੇਕੀ ਦੇ ਪੁਤਲੇ ਤੇ ਭਲਾਈ ਦੀਆਂ ਜੀਊਂਦੀਆਂ ਜਾਗਦੀਆਂ ਤਸਵੀਰਾਂ ਸਨ। ਓਹਨਾਂ ਦਾ ਕੀ ਹਾਲ ਹੋਵੇਗਾ ?

ਓਹਨਾਂ ਨੇ ਵੱਡੇ ਸ਼ੋਕ ਨਾਲ ਸਿਰ ਫੇਰਿਆ ਤੇ ਇਹ ਕਿਹਾ ਕਿ :—

"ਭਾਵੇਂ ਕੋਈ ਹੋਵੇ, ਮੁਕਤੀ ਨੂੰ ਉਹੋ ਹੀ ਪ੍ਰਾਪਤ ਹੋ ਸਕੇਗਾ, ਜੋ ਮਸੀਹ ਜੀ ਦੀ ਬੇਗੁਨਾਹ ਮੌਤ ਦਾ ਸ਼ਰਧਾਲੂ ਹੋਵੇਗਾ।"

ਚੂੰਕਿ ਮਸੀਹ ਜੀ ਦੀ ਜਾਤੀ ਅੰਤਲੀ ਸੀ; ਇਸ ਲਈ ਮੇਰਾ ਮਨ ਨਿਰਾਸਤਾ ਨਾਲ ਭਰ ਗਿਆ। ਮੈਂ ਇਹ ਕਿਹਾ ਕਿ ਹੇ ਪ੍ਰਭੂ ! ਇਹ ਕੀ ਗੱਲ ਹੈ ? ਤੂੰ ਤਾਂ ਸੁੰਦਰਤਾ ਹਰ ਥਾਂ ਸਾਜੀ ਹੈ। ਪਰ ਹਰੇਕ ਜਾਤੀ ਦੂਜੀ ਜਾਤੀ ਦੀ ਸੁੰਦਰਤਾ ਨੂੰ ਝੱਲਣ ਲਈ ਤਿਆਰ ਨਹੀਂ। ਕੀ ਇਹ ਸੁੰਦਰਤਾ ਨਹੀਂ ਹੈ, ਜਿਸ

Digitized by Panjab Digital Library | www.panjabdigilib.org

ਨੂੰ ਕਿ ਮੈਂ ਸੁੰਦਰਤਾ ਸਮਝ ਰਿਹਾ ਹਾਂ, ਜਾਂ ਲੋਕਾਂ ਦੀਆਂ ਅੱਖਾਂ ਨੂੰ ਹੀ ਕੁਝ ਹੋ ਗਿਆ ਹੈ ?

ਮੈਂ ਇਸੇ ਵਿਚਾਰ ਸਾਗਰ ਵਿਚ ਡੁੱਬਾ ਹੋਇਆ ਸੀ ਕਿ ਮੁੜ ਮੈਨੂੰ ਉਹੋ ਪਿਆਰੀ ਆਵਾਜ਼ ਆਈ। ਹਾਂ, ਉਹੋ ਸ਼ੰਕੇ ਨਵਿਰਤ ਕਰਨ ਵਾਲੀ ਤੇ ਸਿੱਧਾ ਮਾਰਗ ਦੱਸਣ ਵਾਲੀ ਸੁਰੀਲੀ ਆਵਾਜ਼ ਉਚੀ ਹੁੰਦੀ ਸੁਣਾਈ ਦਿੱਤੀ। ਇਸ ਵਾਰ ਉਸ ਨੇ ਇਹ ਲਲਕਾਰ ਕੇ ਕਿਹਾ ਕਿ :—

''ਸੁਣੋ ! ਹੇ ਜਗ ਦੇ ਭੁੱਲੇ ਭਟਕੇ ਲੋਕੋ !! ਜਗ ਵਿਚ ਕੋਈ ਵੀ ਜਾਤੀ ਅਜੇਹੀ ਨਹੀਂ, ਜਿਸ ਵਿਚ ਪ੍ਰਭੂ ਵਲੋਂ ਨਬੀ ਤੇ ਰਸੂਲ — ਲੋਕਾਂ ਦੇ ਸੁਧਾਰ ਲਈ ਪਰਗਟ ਨਾ ਹੋਏ ਹੋਣ। ਪ੍ਰਭੂ ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ। ਉਹ ਕਿਸੇ ਇਕ ਵਿਸ਼ੇਸ਼ ਜਾਤੀ ਦਾ ਹੀ ਸਾਜਨਹਾਰ ਤੇ ਪਾਲਨਹਾਰ ਨਹੀਂ ਹੈ। ਉਹ ਜ਼ਾਲਮ ਨਹੀਂ ਕਿ ਕਿਸੇ ਜਾਤੀ ਨੂੰ ਖਬਰਦਾਰ ਕੀਤੇ ਬਗੈਰ ਹੀ ਦੰਡ ਦੇ ਦੇਵੇ। ਫਿਰ ਇਹ ਕਿਵੇਂ ਸੰਭਵ ਹੋ ਸਕਦਾ ਸੀ ਕਿ ਉਸ ਦੇ ਕਸ਼ਟ ਤਾਂ ਹਰੇਕ ਜਾਤੀ ਵਿਚ ਆਉਂਦੇ, ਪਰ ਉਸ ਦੇ ਰਸੂਲ ਹਰੇਕ ਦੇਸ ਤੇ ਜਾਤੀ ਵਿਚ ਪਰਗਟ ਨਾ ਹੁੰਦੇ ? ਪ੍ਰਭੂ ਦੀ ਕੋਈ ਵਿਸ਼ੇਸ਼ ਬੋਲੀ ਨਹੀਂ ਹੈ। ਉਹ ਸਾਰੀਆਂ ਹੀ ਬੋਲੀਆਂ ਦਾ ਸਾਜਨਹਾਰ ਤੇ ਜਾਣਨਹਾਰ ਹੈ। ਉਸ ਦੀ ਅਕਾਸ਼ ਬਾਣੀ ਲੋਕਾਂ ਦੀ ਬੋਲੀ ਵਿਚ ਉਤਰਦੀ ਰਹੀ ਹੈ। ਜਿਸ ਜਾਤੀ ਨੂੰ ਉਹ ਸੰਬੋਧਨ ਕਰਦਾ ਹੈ, ਉਸੇ ਦੀ ਬੋਲੀ ਵਿਚ ਹੀ ਉਹ ਆਪਣੀ ਬਾਣੀ ਉਤਾਰਦਾ ਹੈ; ਤਾਂ ਜੁ ਓਹ ਉਸ ਦੇ ਉਪਦੇਸ਼ਾਂ ਨੂੰ ਵੱਡੇ ਸੌਖ ਨਾਲ ਸਮਝ ਸਕਣ। ਪ੍ਰਭੂ ਦੇ ਸਾਰੇ ਨਬੀ ਤੇ ਰਸੂਲ ਪਾਕ ਸਨ। ਓਹਨਾਂ ਵਿਚ ਤੁਹਾਡੇ ਵਾਸਤੇ ਨਮੂਨੇ ਹਨ। ਜੇਹੜਾ ਪ੍ਰਾਣੀ ਓਹਨਾਂ ਵਿਚੋਂ ਕਿਸੇ ਇਕ ਤੋਂ ਵੀ ਬੇਮੁਖ ਹੁੰਦਾ ਹੈ, ਉਹ ਪ੍ਰਭੂ ਦੇ ਦਰਬਾਰ ਵਿਚ ਮਾਣ ਪ੍ਰਾਪਤ ਨਹੀਂ ਕਰ ਸਕਦਾ। ਜੋ ਪ੍ਰਾਣੀ ਓਹਨਾਂ ਦੇ ਪੂਰਣਿਆਂ ਤੇ ਤੁਰਦਾ ਹੈ, ਓਹ ਬਰਕਤਾਂ ਪ੍ਰਾਪਤ ਕਰਦਾ ਹੈ ਤੇ ਸੁਮਾਰਗ ਵਲ ਆ ਜਾਂਦਾ ਹੈ।

Digitized by Panjab Digital Library | www.panjabdigilib.org

ਮੇਰੀ ਆਤਮਾ ਇਸ ਆਵਾਜ਼ ਨੂੰ ਸੁਣ ਕੇ ਵੱਡੇ ਚਾਉ ਨਾਲ ਪ੍ਰਭੂ ਦੇ ਹਜ਼ੂਰ ਝੁਕ ਗਈ। ਮੈਂ ਇਹ ਆਖਿਆ ਕਿ ਹੇ ਪ੍ਰਭੂ ! ਜੇ ਇਹ ਆਵਾਜ਼ ਤੇਰੇ ਵਲੋਂ ਨਾ ਆਉਂਦੀ, ਤਾਂ ਮੈਂ ਉੱਕਾ ਹੀ ਨਸ਼ਟ ਹੋ ਜਾਂਦਾ। ਮੈਨੂੰ ਤੂੰ ਸੁੰਦਰਤਾ ਪਛਾਣਨ ਦੀ ਜਾਚ ਸਿਖਾਈ ਹੈ। ਇਕ ਅੰਨ੍ਹਾ ਤਾਂ ਇਸ ਸੁੰਦਰਤਾ ਤੋਂ ਅਗਿਆਤ ਰਹਿ ਕੇ ਜਗ ਦੀ ਇਸ ਦਸ਼ਾ ਤੋਂ ਪ੍ਰਭਾਵਿਤ ਹੋਏ ਬਿਨਾਂ ਰਹਿ ਸਕਦਾ ਸੀ, ਪਰ ਮੈਂ — ਜਿਸ ਨੂੰ ਤੂੰ ਨੇਤਰ ਬਖਸ਼ੇ ਹਨ, ਜੇ ਇਸ ਪਿਆਰੀ ਆਵਾਜ਼ ਨੂੰ ਨਾ ਸੁਣਦਾ, ਤਾਂ ਪਾਗਲ ਹੋ ਜਾਂਦਾ ਤੇ ਪਾਗਲਾਂ ਵਾਂਗ ਕਪੜੇ ਪਾ ਕੇ ਜੰਗਲਾਂ ਵਲ ਚਲਾ ਜਾਂਦਾ। ਮੈਨੂੰ ਤਾਂ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ, ਮਹਾਤਮਾ ਬੁਧ ਜੀ, ਹਜ਼ਰਤ ਜ਼ਰਦਸ਼ਤ ਜੀ, ਹਜ਼ਰਤ ਮੂਸਾ ਜੀ ਤੇ ਹਜ਼ਰਤ ਈਸਾ ਜੀ ਵਿਚ ਕੋਈ ਭਿੰਨ ਭੇਦ ਨਹੀਂ ਦਿਸਦਾ। ਇਹ ਸਾਰੇ ਹੀ ਇੱਕੋ ਮਾਲਾ ਦੇ ਰਤਨ ਸਨ। ਇਹ ਗੱਲ ਮੇਰੀ ਸਮਝ ਤੋਂ ਬਾਹਰ ਸੀ ਕਿ ਸੁੰਦਰਤਾ ਤਾਂ ਮੌਜੂਦ ਹੈ, ਪਰ ਲੋਕ ਉਸ ਨੂੰ ਵੇਖਦੇ ਹੀ ਨਹੀਂ। ਪਰ ਹੇ ਪ੍ਰਭੂ ! ਤੇਰਾ ਲਖ ਲਖ ਸ਼ੁਕਰ ਹੈ ਕਿ ਤੂੰ ਇਸ ਪਿਆਰੀ ਆਵਾਜ਼ ਨੂੰ ਉੱਚਾ ਕੀਤਾ। ਮੇਰਾ ਮਨ ਉਸ ਸਮੇਂ ਇਸ ਆਵਾਜ਼ ਵਾਲੇ ਦੇ ਪਿਆਰ ਭਰੇ ਸਤਿਕਾਰ ਨਾਲ ਇੰਨਾ ਭਰਪੂਰ ਸੀ ਕਿ ਮੈਂ ਜਾਤਾ ਕਿ ਮੇਰੇ ਸਬਰ ਦਾ ਪਿਆਲਾ ਉਛਲਣ ਲਗ ਪਿਆ ਹੈ। ਮੇਰੇ ਦਿਲ ਤੋਂ ਮੁੜ ਇਕ ਆਹ ਨਿਕਲੀ ਤੇ ਮੈਂ ਇਹ ਆਖਿਆ ਕਿ ਇਹ ਆਵਾਜ਼ ਤਾਂ ਸਾਰੇ ਜਗ ਦੇ ਮਹਾਂਪੁਰਖਾਂ ਲਈ ਵੀ ਇਕ ਰਹਿਮਤ ਹੀ ਸਿਧ ਹੋਈ ਹੈ। ਮੈਂ ਵੱਡੀ ਵਿਆਕੁਲਤਾ ਨਾਲ ਉਸ ਆਵਾਜ਼ ਦੇ ਮਾਲਕ ਦਾ ਪੱਲੂ ਘੁਟ ਕੇ ਫੜਨਾ ਚਾਹਿਆ, ਪਰ ਮੇਰੇ ਤੇ ਉਸ ਵਿਚਾਲੇ ਤੇਰਾਂ ਸਦੀਆਂ ਦਾ ਉਹਲਾ ਸੀ — ਇਕ ਵਸ ਤੋਂ ਦੂਰ ਭੂਤਕਾਲ। ਹਾਂ, ਬੇਬਸ ਕਰ ਦੇਣ ਵਾਲਾ ਬੀਤ ਚੁੱਕਾ ਸਮਾਂ।

ਪਿਆਰੇ ਮਿੱਤਰੋ ! ਮੈਂ ਤੁਹਾਨੂੰ ਇਹ ਕਿਵੇਂ ਦੱਸਾਂ ਕਿ ਉਸ ਸਮੇਂ ਮੇਰੀ ਕੀ ਦਸ਼ਾ ਸੀ ? ਤੁਸੀਂ ਇਉਂ ਸਮਝ ਲਓ ਕਿ ਜਿਵੇਂ ਕੋਈ ਸੱਜਣ ਪਿਆਸ ਨਾਲ ਵਿਲਕ ਰਹੇ ਪ੍ਰਾਣੀ ਦੇ ਮੂੰਹ ਨਾਲ ਠੰਡੇ ਪਾਣੀ ਦਾ ਗਲਾਸ ਲਾ ਕੇ ਰੋਕ ਲਏ, ਉਹ ਉਸ ਦੀ ਠੰਡਕ ਨੂੰ ਤਾਂ ਅਨੁਭਵ ਕਰ ਰਿਹਾ ਹੋਵੇ, ਪਰ ਉਸ ਦੀ ਤਰਾਵਤ ਉਸ ਦੇ ਸੰਘ ਤਕ ਨਾ ਪੁੱਜਦੀ ਹੋਵੇ। ਮੇਰਾ ਵੀ ਏਹੋ ਹਾਲ ਸੀ। ਮੈਨੂੰ

Digitized by Panjab Digital Library | www.panjabdigilib.org

ਇਉਂ ਜਾਪਦਾ ਸੀ ਕਿ ਇਸ ਆਵਾਜ਼ ਦਾ ਸੁਆਮੀ ਮੇਰੇ ਲਾਗੇ ਹੀ ਬੈਠਾ ਹੈ — ਇਸ ਦੇ ਹੁੰਦਿਆਂ ਹੋਇਆਂ ਕਿ ਉਸ ਦੇ ਤੇ ਮੇਰੇ ਵਿਚਾਲੇ ਤੇਰਾਂ ਸਦੀਆਂ ਦੀ ਲੰਮੇਰੀ ਵਿਥ ਸੀ, ਪਰ ਮੈਂ ਉਸ ਦੇ ਪੱਲੂ ਨੂੰ ਛੋਹ ਤਾਂ ਰਿਹਾ ਸੀ, ਪਰ ਫੜਨ ਤੋਂ ਅਸਮਰਥ ਸੀ। ਉਸ ਸਮੇਂ ਮੇਰੀ ਸਭ ਤੋਂ ਵੱਡੀ ਇੱਛਾ ਏਹੋ ਸੀ ਕਿ ਜੇ ਮੈਨੂੰ ਹਜ਼ਰਤ ਦਾਊਦ ਜੀ ਮਿਲ ਜਾਣ, ਤਾਂ ਮੈਂ ਉਹਨਾਂ ਨੂੰ ਘੁੱਟ ਕੇ ਆਪਣੇ ਗਲ ਨਾਲ ਲਾ ਲਵਾਂ ਤੇ ਹੰਝੂਆਂ ਦੇ ਹਾਰ ਪ੍ਰੋਣੇ ਸ਼ੁਰੂ ਕਰ ਦਿਆਂ। ਉਹ ਭਵਿੱਖਤ ਦਾ ਗਿਲਾ ਕਰਨ ਤੇ ਮੈਂ ਭੂਤਕਾਲ ਦਾ ਸ਼ਿਕਵਾ ਕਰਾਂ; ਕਿਉਂ ਜੁ ਉਹਨਾਂ ਨੂੰ ਇਸ ਗੱਲ ਦਾ ਸ਼ੌਕ ਸੀ ਕਿ ਉਹ ਉਸ ਪ੍ਰੀਤਮ-ਪਿਆਰੇ ਤੋਂ ਤੇਰਾਂ ਸਦੀਆਂ ਪਹਿਲਾਂ ਕਿਉਂ ਪੈਦਾ ਹੋਏ ਹਨ ਤੇ ਮੈਨੂੰ ਇਹ ਅਫ਼ਸੋਸ ਸੀ ਕਿ ਮੈਂ ਉਸ ਤੋਂ ਤੇਰਾਂ ਸਦੀਆਂ ਮਗਰੋਂ ਕਿਉਂ ਉਤਪੰਨ ਹੋਇਆ ਹਾਂ।

ਪਹਿਲੀਆਂ ਧਰਮ ਪੁਸਤਕਾਂ ਲਈ ਰਹਿਮਤ

ਮੈਂ ਸੰਸਾਰ ਦੇ ਸਾਰੇ ਵੱਡੇ ਵੱਡੇ ਮਹਾਂ ਪੁਰਖਾਂ ਵਲ ਧਿਆਨ ਦੇਣ ਤੋਂ ਮਗਰੋਂ ਪਹਿਲੀਆਂ ਧਰਮ ਪੁਸਤਕਾਂ ਵਲ ਵੀ ਝਾਤ ਮਾਰੀ। ਮੈਂ ਇਹ ਸੋਚਿਆ ਕਿ ਮਹਾਂ ਪੁਰਖ ਤਾਂ ਚਲਾਣੇ ਕਰ ਚੁੱਕੇ ਹਨ ਅਤੇ ਓਹਨਾਂ ਦੇ ਕਾਰਨਾਮੇ ਲੋਕਾਂ ਦੇ ਸਾਹਮਣੇ ਨਹੀਂ ਹਨ ਅਤੇ ਸ਼ਾਇਦ ਕਈ ਵਾਰ ਮਨੁੱਖ ਦੂਜੇ ਨਾਲ ਈਰਖਾ ਵੀ ਕਰਦੇ ਹਨ, ਹੋ ਸਕਦਾ ਹੈ ਕਿ ਈਰਖਾ ਤੇ ਵੈਰ ਭਾਵ ਨਾਲ ਲੋਕਾਂ ਨੇ ਓਹਨਾਂ ਮਹਾਂ ਪੁਰਖਾਂ ਦੀ ਪੂਰੀ ਕਦਰ ਨਾ ਕੀਤੀ ਹੋਵੇ, ਜਾਂ ਛੋਟੇ ਲੋਕ ਵੱਡੇ ਲੋਕਾਂ ਦੀਆਂ ਗੱਲਾਂ ਵਿਚ ਆ ਗਏ ਹੋਣ; ਇਸ ਲਈ ਆਓ, ਅਸੀਂ ਓਹਨਾਂ ਧਰਮ ਪੁਸਤਕਾਂ ਦੀ ਫੋਲਾ ਫਾਲੀ ਕਰੀਏ, ਜੋ ਈਸ਼ਵਰੀ ਗਿਆਨ ਕਹਾਉਂਦੀਆਂ ਹਨ ਤੇ ਇਸ ਤਰ੍ਹਾਂ ਓਹਨਾਂ ਦੀ ਮਹੱਤਤਾ ਤੇ ਕੀਮਤ ਦਾ ਕੋਈ ਅਨੁਮਾਨ ਲਾਈਏ। ਇਹ

Digitized by Panjab Digital Library | www.panjabdigilib.org

ਸੋਚ-ਵਿਚਾਰ ਕੇ ਮੈਂ ਵੇਦਾਂ ਵਲ ਧਿਆਨ ਦਿੱਤਾ। ਮੈਂ ਓਹਨਾਂ ਵਿਚ ਕਈ ਸੋਹਣੇ ਤੇ ਵੱਡੇ ਸ਼ਾਨਦਾਰ ਵਿਚਾਰ ਵੇਖੇ। ਕਈ ਅਜੇਹੇ ਪਵਿੱਤਰ ਉਪਦੇਸ਼ ਮਲੂਮ ਕੀਤੇ ਕਿ ਮੇਰੇ ਦਿਲ ਨੇ ਇਹ ਸਵੀਕਾਰ ਕਰ ਲਿਆ ਕਿ ਏਹਨਾਂ ਪਰਗਟ ਕਰਨ ਵਾਲੇ ਰਿਸ਼ੀਆਂ ਨੇ ਏਹ ਗਿਆਨ ਪ੍ਰਭੂ ਤੋਂ ਸਿੱਖ ਕੇ ਹੀ ਲੋਕਾਂ ਨੂੰ ਸੁਣਾਇਆ ਹੈ। ਇਸ ਦੇ ਕਈ ਹਿੱਸੇ ਤਾਂ ਉੱਕੇ ਹੀ ਮੇਰੀ ਸਮਝ ਤੋਂ ਬਾਹਰ ਸਨ। ਪਰ ਫੇਰ ਵੀ ਮੈਂ ਏਹੋ ਹੀ ਜਾਤਾ ਕਿ ਇੰਨੇ ਲੰਮੇ ਸਮੇਂ ਵਿਚ ਲੋਕਾਂ ਵਲੋਂ ਕੀਤੇ ਗਏ ਵਾਧੇ-ਘਾਟੇ ਤਾਂ ਪੁਸਤਕ ਨੂੰ ਕੁਝ ਦਾ ਕੁਝ ਬਣਾ ਦਿੰਦੇ ਹਨ। ਪਰ ਇਸ ਦੇ ਹੁੰਦਿਆਂ ਹੋਇਆਂ ਵੀ ਏਹਨਾਂ ਵਿਚ ਦਰਜ ਗੱਲਾਂ ਦੀ ਵਿਚਾਰਧਾਰਾ ਵੱਡੀ ਪਵਿੱਤਰ ਸੀ।

ਇਸ ਤੋਂ ਮਗਰੋਂ ਮੈਂ ਮਹਾਤਮਾ ਬੁਧ ਜੀ ਦੀ ਪੇਸ਼ ਕੀਤੀ ਸਿੱਖਿਆ ਨੂੰ ਵਾਚਿਆ; ਤਾਂ ਅਸੂਲੀ ਤੌਰ ਤੇ ਮੈਂ ਉਸ ਨੂੰ ਵੀ ਵੱਡੀ ਸੁੰਦਰਤਾ ਭਰੀ ਵੇਖਿਆ। ਜੇ ਵੇਦਾਂ ਵਿਚ ਪ੍ਰਭੂ ਦੇ ਜਲਵੇ ਦਿਸ ਰਹੇ ਸਨ, ਤਾਂ ਗੌਤਮ ਜੀ ਦੀ ਸਿੱਖਿਆ ਵਿਚ ਪ੍ਰਭੂ ਉੱਤੇ ਭਰੋਸਾ ਤੇ ਸੁਧ ਆਚਰਣ ਦੇ ਅਸੂਲ ਨਜ਼ਰ ਆ ਰਹੇ ਸਨ। ਇਹ ਠੀਕ ਹੈ ਕਿ ਏਹਨਾਂ ਦੀ ਸਿੱਖਿਆ ਵਿਚ ਵੀ ਕਈ ਗੱਲਾਂ ਮੇਰੀ ਸਮਝ ਦੇ ਵਿਰੁਧ ਸਨ। ਪਰ ਅਸੂਲੀ ਤੌਰ ਤੇ ਮੈਂ ਇਸ ਨੂੰ ਸਮਝ ਸਕਦਾ ਸੀ ਕਿ ਉਹ ਸਿੱਖਿਆ ਅਰਸ਼ੀ ਸੋਮੇ ਤੋਂ ਨਿਕਲੀ ਹੈ — ਮਨੁੱਖੀ ਅਕਲ ਉਸ ਦਾ ਸੋਮਾ ਨਹੀਂ। ਹਾਂ, ਇਹ ਇਕ ਅਟੱਲ ਸੱਚਾਈ ਹੈ ਕਿ ਲੋਕਾਂ ਨੇ ਮਗਰੋਂ ਆਮ ਵਾਧੇ-ਘਾਟੇ ਕਰ ਕੇ ਇਸ ਦੀ ਕੁਦਰਤੀ ਸੁੰਦਰਤਾ ਨੂੰ ਘਟਾਉਣ ਦੇ ਕੋਝੇ ਜਤਨ ਜ਼ਰੂਰ ਕੀਤੇ ਹਨ। ਇਸ ਤੋਂ ਮਗਰੋਂ ਮੈਂ ਹਜ਼ਰਤ ਜ਼ਰਦਸ਼ਤ ਜੀ ਦੀ ਸ਼ੁਭ-ਸਿੱਖਿਆ ਵਲ ਝਾਤ ਮਾਰੀ। ਮੈਂ ਉਸ ਵਿਚ ਨਾ ਕੇਵਲ ਸਦਾਚਾਰ ਬਾਰੇ ਹੀ ਉੱਚੀ ਤੇ ਸੁੱਚੀ ਸਿੱਖਿਆ ਵੇਖੀ; ਸਗੋਂ ਤਦਬੀਰ (ਵਿਓਂਤਾਂ ਕਰਨ) ਦਾ ਪਹਿਲੂ ਵੀ ਸਪਸ਼ਟ ਤੌਰ ਤੇ ਕੰਮ ਕਰਦਾ ਵੇਖਿਆ। ਮਹਾਤਮਾ ਬੁਧ ਜੀ ਦੀ ਸਿੱਖਿਆ ਵਿਚ ਵੇਦਾਂਤ ਦੀ ਰੂਹ ਕੰਮ ਕਰ ਰਹੀ ਸੀ। ਪਰ ਹਜ਼ਰਤ ਜ਼ਰਦਸ਼ਤ ਜੀ ਦੀ ਸਿੱਖਿਆ ਵਿਚ ਇਕ ਉਸਤਾਦ ਦੀ — ਜੋ ਇਕ ਬਾਲਕ ਦੀਆਂ ਕਮਜ਼ੋਰੀਆਂ ਨੂੰ ਵੇਖ ਕੇ ਉਸ ਨੂੰ ਵਿਸਥਾਰ ਪੂਰਬਕ ਉਪਦੇਸ਼ ਕਰਦਾ ਹੈ, ਜਿਨ੍ਹਾਂ ਦੁਆਰਾ

Digitized by Panjab Digital Library | www.panjabdigilib.org

ਓਹਨਾਂ ਲਈ ਆਪਣਾ ਕਾਰਜ ਸੁਆਰਨਾ ਵੱਡਾ ਸੌਖਾ ਹੋ ਜਾਂਦਾ ਹੈ। ਮੈਂ ਇਸ ਵਿਚ ਦੂਜੇ ਉਪਦੇਸ਼ਾਂ ਦੇ ਟਾਕਰੇ ਤੇ ਅੰਤਲੇ ਦਿਹਾੜੇ (ਕਿਆਮਤ) ਤੇ ਵਧੇਰੇ ਜ਼ੋਰ ਵੇਖਿਆ, ਅਰਥਾਤ ਇਸ ਵਿਚ ਇਹ ਰੂਹ ਕੰਮ ਕਰਦੀ ਹੋਈ ਵੇਖੀ ਕਿ ਤੁਸੀਂ ਇਹ ਵਿਚਾਰ ਨਾ ਕਰੋ ਕਿ ਤੁਸੀਂ ਕਿਉਂ ਸਾਜੇ ਗਏ ਹੋ ? ਤੇ ਕਿਧਰ ਜਾ ਰਹੇ ਹੋ ? ਸਗੋਂ ਇਸ ਗਲ ਦਾ ਵਧੇਰੇ ਧਿਆਨ ਰੱਖੋ ਕਿ ਭਵਿੱਖਤ ਵਿਚ ਤੁਹਾਡੇ ਨਾਲ ਕੀ ਵਾਪਰਣ ਵਾਲਾ ਹੈ ? ਮੈਂ ਇਹ ਵੇਖਿਆ ਕਿ ਇਹ ਸਿੱਖਿਆ ਨਰਕ, ਸੁਰਗ, ਪਰਲੋਕ, ਲੇਖੇ, ਪਸਚਾਤਾਪ ਤੇ ਪਾਪਾਂ ਦੀ ਫ਼ਲਾਸਫ਼ੀ ਆਦਿ ਵਿਚਾਰਾਂ ਨਾਲ ਭਰਪੂਰ ਸੀ। ਭਾਵੇਂ ਇਸ ਵਿਚ ਲੋਕਾਂ ਵਲੋਂ ਕੀਤੇ ਗਏ ਵਾਧੇ-ਘਾਟੇ ਵੀ ਸਾਫ਼ ਦਿਸਦੇ ਸਨ, ਪਰ ਇਹ ਗੱਲ ਵੀ ਚੰਗੀ ਤਰ੍ਹਾਂ ਪਰਗਟ ਹੁੰਦੀ ਸੀ ਕਿ ਇਹ ਵੀ ਪ੍ਰਭੂ ਵਲੋਂ ਉਤਰੀ ਹੋਈ ਸਿੱਖਿਆ ਹੀ ਹੈ। ਹਜ਼ਰਤ ਜ਼ਰਦਸ਼ਤ ਜੀ ਇਕ ਚੰਗੇ ਸੰਗੀਤਕਾਰ ਹੀ ਨਹੀਂ ਸਨ; ਜੋ ਸੁਭਾਵਿਕ ਭੇਤਾਂ ਨੂੰ ਪਰਗਟ ਕਰ ਰਹੇ ਸਨ; ਸਗੋਂ ਆਪ ਇਕ ਸਾਜ਼ ਵੀ ਸਨ, ਜਿਸ ਵਿਚ ਕੋਈ ਦੂਜਾ ਆਪਣੀ ਆਵਾਜ਼ ਪਾਉਂਦਾ ਹੈ ਤੇ ਜਿਸ ਸੁਰ ਦੇ ਪਰਗਟਾਅ ਲਈ ਚਾਹੁੰਦਾ ਹੈ, ਵਰਤੋਂ ਵਿਚ ਲਿਆਉਂਦਾ ਹੈ।

ਫੇਰ ਮੈਂ ਤੌਰੈਤ ਤੇ ਉਸ ਦੇ ਨਾਲ ਦੀਆਂ ਧਰਮ ਪੁਸਤਕਾਂ ਵਲ ਨਜ਼ਰ ਮਾਰੀ। ਓਹਨਾਂ ਨੂੰ ਪ੍ਰਭੂ ਦੇ ਜਲਾਲ, ਸ਼ਿਰਕ ਦੇ ਖੰਡਨ ਤੇ ਪ੍ਰਭੂ ਦੀ ਏਕਤਾ ਦੇ ਵਿਚਾਰਾਂ ਨਾਲ ਭਰਪੂਰ ਵੇਖਿਆ। ਮੈਂ ਇਹ ਅਨੁਭਵ ਕੀਤਾ ਕਿ ਓਹਨਾਂ ਪੁਸਤਕਾਂ ਵਿਚ ਪ੍ਰਭੂ ਦੀ ਲੋਕਾਂ ਤੇ ਹਕੂਮਤ ਅਤੇ ਓਹਨਾਂ ਦੀਆਂ ਔਕੜਾਂ ਤੇ ਕਸ਼ਟਾਂ ਸਮੇਂ ਅਗਵਾਈ ਕਰਨ ਵਿਚ ਵੱਡਾ ਜ਼ੋਰ ਸੀ। ਓਹਨਾਂ ਦੇ ਅਧਿਐਨ ਕੀਤਿਆਂ ਇਹ ਜਾਪਦਾ ਸੀ ਕਿ ਜਾਣੋ ਪ੍ਰਭੂ ਕੋਈ ਅੱਡ ਬੈਠੀ ਹੋਈ ਵਿਅਕਤੀ ਨਹੀਂ; ਸਗੋਂ ਉਹ ਅਜੇਹਾ ਪਾਤਸ਼ਾਹ ਹੈ, ਜੋ ਰੋਜ਼ ਆਪਣੇ ਬੰਦਿਆਂ ਦੇ ਕਰਤਵਾਂ ਦੀ ਕਰੜੀ ਨਿਗਰਾਨੀ ਕਰ ਰਿਹਾ ਹੈ। ਸ਼ਰਾਰਤੀਆਂ ਨੂੰ ਦੰਡ ਦਿੰਦਾ ਹੈ ਤੇ ਭਲੇ ਪੁਰਖਾਂ ਨੂੰ ਇਨਾਮ ਵੰਡਦਾ ਤੇ ਓਹਨਾਂ ਤੇ ਵੱਡੀਆਂ ਵੱਡੀਆਂ ਬਖਸ਼ਿਸ਼ਾਂ ਕਰ ਰਿਹਾ ਹੈ। ਇਸੇ ਤਰ੍ਹਾਂ ਓਹਨਾਂ ਦੀਆਂ ਭੁੱਲਾਂ ਤੇ ਤਾੜਨਾ ਕਰਨ ਲਈ ਨਿਤ ਨਵੇਂ ਹੁਕਮ ਦੇ ਰਿਹਾ ਹੈ। ਮੈਂ ਇਸ ਸੰਗ੍ਰਹਿ ਵਿਚ ਇਹ ਇਕ ਨਵੀਂ ਗੱਲ ਵੇਖੀ

Digitized by Panjab Digital Library | www.panjabdigilib.org

ਕਿ ਜਿੱਥੇ ਪਹਿਲੀਆਂ ਪੁਸਤਕਾਂ ਸਿੱਖਿਆ ਤੇ ਉਪਦੇਸ਼ਾਂ ਤੇ ਹੀ ਵਧੇਰੇ ਜ਼ੋਰ ਦਿੰਦੀਆਂ ਸਨ ਤੇ ਸਿਖਿਆਦਾਤੇ ਤੇ ਉਪਦੇਸ਼ਕ ਨੂੰ ਅੱਖੋਂ ਉਹਲੇ ਹੀ ਕਰਦੀਆਂ ਸਨ, ਉਥੇ ਇਸ ਵਿਚ ਸਿੱਖਿਆਦਾਤਿਆਂ ਤੇ ਉਪਦੇਸ਼ਕਾਂ ਦੀਆਂ ਸ਼ਖਸੀਅਤਾਂ ਬਿਲਕੁਲ ਸਾਫ਼ ਨਜ਼ਰ ਆਉਂਦੀਆਂ ਸਨ ਅਤੇ ਸਿੱਖਿਆ ਤੇ ਉਪਦੇਸ਼ ਨਾਲੋਂ ਘੱਟ ਸਿੱਖਿਆਦਾਤੇ ਤੇ ਉਪਦੇਸ਼ਕ ਦੀ ਸ਼ਖਸੀਅਤ ਤੇ ਜ਼ੋਰ ਨਹੀਂ ਸੀ। ਇਸੇ ਹੀ ਅਸੂਲ ਦੇ ਅਧਾਰ ਤੇ ਇਸ ਪੁਸਤਕ ਵਿਚ ਇਕ ਜਾਂ ਦੋ ਸਿੱਖਿਆਦਾਤਿਆਂ ਤੇ ਉਪਦੇਸ਼ਕਾਂ ਦੇ ਵਰਣਨ ਕਰਨ ਤੇ ਬਸ ਨਹੀਂ ਕੀਤੀ ਗਈ ਸੀ, ਸਗੋਂ ਓਹਨਾਂ ਦੀ ਇਕ ਲੰਮੀ ਲੜੀ ਵਰਣਨ ਸੀ, ਜੋ ਹਰ ਸਮੇਂ ਸਿੱਖਿਆ ਦੇ ਠੀਕ ਠੀਕ ਭਾਵ ਸਮਝਾਉਣ ਵਾਲੇ ਉਸਤਾਦ ਵਿਖਾਈ ਦਿੰਦੇ ਸਨ। ਇਸ ਸ਼ਰੀਅਤ ਵਿਚ ਵੀ ਜ਼ਰਦਸ਼ਤੀਆਂ ਦੀ ਧਰਮ ਪੁਸਤਕ ਅਨੁਸਾਰ ਸਿੱਖਿਆ ਦਾ ਵੱਡਾ ਵਿਸਥਾਰ ਸੀ। ਭਾਵੇਂ ਇਸ ਵਿਚ ਵੀ ਲੋਕਾਂ ਵਲੋਂ ਕੀਤੇ ਗਏ ਅਨੇਕਾਂ ਵਾਧਿਆਂ-ਘਾਟਿਆਂ ਦਾ ਪਰਗਟਾਅ ਸਾਫ਼ ਤੌਰ ਤੇ ਹੋ ਰਿਹਾ ਸੀ, ਪਰ ਮੈਂ ਇਹ ਅਨੁਭਵ ਕੀਤਾ ਕਿ ਇਸ ਵਿਚ ਅਰਸ਼ੀ ਨੂਰ ਦਾ ਪ੍ਰਕਾਸ਼ ਇੰਨਾ ਲਿਸ਼ਕਾਰੇ ਮਾਰ ਰਿਹਾ ਸੀ ਕਿ ਕੋਈ ਨੇਤਰਹੀਣ ਹੀ ਉਸ ਦੇ ਵੇਖਣ ਤੋਂ ਕੋਰਾ ਰਹਿ ਸਕਦਾ ਸੀ।

ਇਸੇ ਤਰ੍ਹਾਂ ਮੈਂ ਅੰਜੀਲ ਵਲ ਵੀ ਧਿਆਨ ਦਿੱਤਾ। ਭਾਵੇਂ ਮੈਂ ਉਸ ਨੂੰ (ਸ਼ਰੀਅਤ ਦੀ) ਪੁਸਤਕ ਨਹੀਂ ਆਖ ਸਕਦਾ; ਕਿਉਂ ਜੁ ਉਸ ਵਿਚ ਮਸੀਹ ਜੀ ਦੇ ਬਚਨ ਤੇ ਉਪਦੇਸ਼ ਬਹੁਤ ਹੀ ਥੋੜ੍ਹੇ ਦਰਜ ਹਨ, ਵਧੇਰੇ ਉਹਨਾਂ ਦੇ ਕਾਰਨਾਮਿਆਂ ਤੇ ਕੌਤਕਾਂ ਤੇ ਹੀ ਚਾਨਣਾ ਪਾਇਆ ਗਿਆ ਹੈ, ਪਰ ਫੇਰ ਵੀ ਮੈਂ ਉਸ ਵਿਚ ਰੂਹਾਨੀਅਤ ਦੀ ਝਲਕ ਅਨੁਭਵ ਕੀਤੀ। ਜੇਹੜੀ ਥੋੜ੍ਹੀ ਜੇਹੀ ਸਿਖਿਆ ਮਸੀਹ ਜੀ ਦੇ ਨਾਂ ਹੇਠ ਉਸ ਵਿਚ ਵਿਦਮਾਨ ਸੀ, ਉਹ ਵੱਡੀ ਸੋਹਣੀ ਤੇ ਮਨਮੋਹਣੀ ਸੀ। ਇਸ ਪੁਸਤਕ ਵਿਚ ਦੰਡ-ਫਲ ਦਾ ਵਰਣਨ ਕਰਨ ਦੀ ਥਾਂ ਪ੍ਰੇਮ ਤੇ ਦਇਆ ਤੇ ਵਧੇਰੇ ਜ਼ੋਰ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਮਨੁੱਖ ਦੀ ਆਪਣੀ ਪੂਰਣਤਾ ਦੀ ਥਾਂ ਅਰਸ਼ੀ ਸਹਾਇਤਾ ਤੇ ਹੀ ਨੀਂਹ ਰੱਖੀ ਗਈ ਸੀ। ਮਹਾਤਮਾ ਬੁਧ ਜੀ ਵਾਂਗ ਪ੍ਰਭੂ ਦੇ ਭਰੋਸੇ ਦਾ ਪਰਗਟਾਅ ਤਾਂ ਨਹੀਂ ਕੀਤਾ ਗਿਆ ਸੀ, ਪਰ ਔਕੜਾਂ ਤੇ ਕਸ਼ਟਾਂ ਸਮੇਂ ਪ੍ਰਭੂ ਦੀ ਸਹਾਇਤਾ ਤੇ ਜ਼ੋਰ ਜ਼ਰੂਰ

Digitized by Panjab Digital Library | www.panjabdigilib.org

ਦਿੱਤਾ ਗਿਆ ਸੀ। ਇਸ ਪੁਸਤਕ ਤੋਂ ਇਹ ਵੀ ਸਾਫ਼ ਸਿਧ ਹੋ ਰਿਹਾ ਸੀ ਕਿ ਭਾਵੇਂ ਮਸੀਹ ਜੀ ਅਕਾਸ਼ ਬਾਣੀ ਨਾਲ ਤਾਂ ਨਿਵਾਜੇ ਗਏ ਸਨ, ਪਰ ਉਹ ਕਿਸੇ ਨਵੀਂ ਸ਼ਰੀਅਤ ਦੇ ਪਰਗਟ ਕਰਨ ਵਾਲੇ ਨਹੀਂ ਸਨ। ਅੰਜੀਲ ਵਿਚ ਉਹਨਾਂ ਦੀ ਕੇਵਲ ਅਕਾਸ਼ ਬਾਣੀ ਹੀ ਦਰਜ ਨਹੀਂ ਸੀ, ਪਰ ਉਹਨਾਂ ਦੀ ਅਕਾਸ਼ ਬਾਣੀ ਦਾ ਜੋ ਥੋੜ੍ਹਾ ਬਹੁਤਾ ਹਿੱਸਾ ਉਸ ਵਿਚ ਵਿਦਮਾਨ ਸੀ; ਉਹ ਵੱਡਾ ਸੋਹਣਾ ਤੇ ਪ੍ਰਭੂ ਦੀ ਸ਼ਾਨ ਦਾ ਪਰਗਟਾਅ ਕਰਨ ਵਾਲਾ ਸੀ। ਇਕ ਸਰਸਰੀ ਨਜ਼ਰ ਨਾਲ ਵੇਖਿਆਂ ਵੀ ਉਸ ਦੇ ਅਕਾਸ਼ ਬਾਣੀ ਹੋਣ ਦਾ ਪਤਾ ਲਗ ਜਾਂਦਾ ਸੀ। ਮੈਂ ਖੁਸ਼ੀ ਦਾ ਸਾਹ ਲਿਆ ਤੇ ਕਿਹਾ ਕਿ ਜਿਸ ਤਰ੍ਹਾਂ ਪ੍ਰਭੂ ਦਾ "ਮਜਾਜ਼ੀ ਨੂਰ" ਉਸ ਦੇ ਇਸ ਦਿਸਦੇ ਜਗਤ ਦੀ ਹਰੇਕ ਚੀਜ਼ ਤੋਂ ਪਰਗਟ ਹੋ ਰਿਹਾ ਹੈ, ਉਸੇ ਤਰ੍ਹਾਂ ਉਸ ਦਾ "ਹਕੀਕੀ ਨੂਰ" ਉਸ ਦੇ ਰੂਹਾਨੀ ਮੰਡਲ ਦੀ ਹਰੇਕ ਚੀਜ਼ ਤੋਂ ਪਰਗਟ ਹੋ ਰਿਹਾ ਹੈ। ਮੈਂ ਇਹ ਸੋਚਿਆ ਕਿ ਭਾਵੇਂ ਅੱਜ ਇਹ ਸਾਰੇ ਮਹਾਂ ਪੁਰਖ ਚਲਾਣਾ ਕਰ ਚੁੱਕੇ ਹਨ, ਪਰ ਇਹ ਪੁਸਤਕਾਂ ਆਪਣੀ ਸੁੰਦਰਤਾ ਸਦਕਾ ਲੋਕਾਂ ਦਾ ਧਿਆਨ ਆਪਣੇ ਵਲ ਜ਼ਰੂਰ ਖਿਚਦੀਆਂ ਹੋਣਗੀਆਂ, ਅਰਥਾਤ ਇਹ ਰੂਹਾਨੀ ਬਾਗ ਦੇ ਅੱਡ ਅੱਡ ਬੂਟੇ ਇਕ ਥਾਂ ਇਕੱਤਰ ਹੋ ਕੇ ਲੋਕਾਂ ਦੇ ਆਤਮਕ ਰੋਗਾਂ ਨੂੰ ਦੂਰ ਕਰਦੇ ਤੇ ਓਹਨਾਂ ਦੇ ਸਦਾਚਾਰਕ ਤੌਖਲੇ ਮਿਟਾਉਂਦੇ ਹੋਣਗੇ। ਪਰ ਮੇਰੀ ਹੈਰਾਨੀ ਦਾ ਕੋਈ ਅੰਤ ਨਾ ਰਿਹਾ, ਜਦੋਂ ਮੈਂ ਇਹ ਵੇਖਿਆ ਕਿ ਏਹਨਾਂ ਆਤਮਕ ਰਤਨਾਂ ਦੇ ਅੱਖਾਂ ਸਾਹਮਣੇ ਹੁੰਦਿਆਂ ਹੋਇਆਂ ਵੀ ਹਰ ਪਾਸੇ ਇਹ ਰੌਲਾ ਮਚਿਆ ਹੋਇਆ ਸੀ ਕਿ ਮੇਰੇ ਕੋਲ ਤਾਂ ਬਹੁਮੁੱਲੇ ਰਤਨ ਹਨ ਤੇ ਦੂਜਿਆਂ ਕੋਲ ਨਿਗੂਣੇ ਕੱਚ, ਜਿਨ੍ਹਾਂ ਦਾ ਕੋਈ ਵੀ ਮੁੱਲ ਨਹੀਂ ਪੈ ਸਕਦਾ। ਮੈਂ ਕਿਹਾ ਕਿ ਹੇ ਪ੍ਰਭੂ ਏਹਨਾਂ ਅਕਲ ਦੇ ਅੰਨ੍ਹਿਆਂ ਨੂੰ ਇਹ ਕੀ ਹੋ ਗਿਆ ਹੈ ਕਿ ਨੇਤਰਾਂ ਦੇ ਹੁੰਦਿਆਂ ਹੋਇਆਂ ਵੀ ਨਹੀਂ ਵੇਖਦੇ ਤੇ ਕੰਨਾਂ ਦੇ ਹੁੰਦਿਆਂ ਹੋਇਆਂ ਵੀ ਨਹੀਂ ਸੁਣਦੇ। ਕੀ ਜਗ ਤੋਂ ਨਿਆਂਇ ਉਕਾ ਹੀ ਮਿਟ ਗਿਆ ਹੈ ? ਕੀ ਮਨੁੱਖ ਆਪਣੀ ਰੂਹਾਨੀਅਤ ਦੀ ਪਰਦਰਸ਼ਨੀ ਪਿਛਲੇ ਸਮਿਆਂ ਵਿਚ ਹੀ ਕਰ ਚੁੱਕਾ ਹੈ ਤੇ ਹੁਣ ਉਹ ਉੱਕਾ ਹੀ ਖੋਖਲਾ ਹੋ ਚੁੱਕਾ ਹੈ ? ਕੀ ਇਹ ਜਗ, ਜੋ ਕਿਸੇ ਸਮੇਂ ਪ੍ਰਭੂ ਦੀ ਰਾਜਧਾਨੀ ਤੇ ਸੱਚੇ ਦੀ ਕੋਠੜੀ ਸੀ, ਹੁਣ ਕੇਵਲ ਸ਼ੈਤਾਨ ਦੀਆਂ ਖੇਡਾਂ ਦਾ ਖੁਲ੍ਹਾ

Digitized by Panjab Digital Library | www.panjabdigilib.org

ਮੈਦਾਨ ਬਣ ਗਿਆ ਹੈ। ਮੈਂ ਇਸੇ ਹੀ ਸੋਚ-ਵਿਚਾਰ ਦੇ ਸਾਗਰ ਵਿਚ ਡੁੱਬਾ ਹੋਇਆ ਸੀ ਕਿ ਮੁੜ ਉਹੋ ਦਿਲਾਂ ਨੂੰ ਪਾਕ ਤੇ ਦਿਮਾਗਾਂ ਨੂੰ ਉਜਲ ਕਰ ਦੇਣ ਵਾਲੀ ਆਵਾਜ਼ ਉੱਚੀ ਹੋਈ। ਉਸ ਨੇ ਵੱਡੇ ਗਰਜਵੇਂ ਢੰਗ ਨਾਲ ਇਹ ਕਿਹਾ ਕਿ :—

"ਸਾਡਾ ਇਹ ਕਰਤਵ ਨਹੀਂ ਕਿ ਅਸੀਂ ਦੂਜਿਆਂ ਦੀਆਂ ਕਬਰਾਂ ਤੇ ਆਪਣੇ ਮਹਿਲ ਉਸਾਰੀਏ। ਜੋ ਦੂਜੇ ਦੀ ਸੁੰਦਰਤਾ ਨੂੰ ਨਹੀਂ ਵੇਖ ਸਕਦਾ, ਉਹ ਅੰਨ੍ਹਾ ਹੈ। ਇਹ ਠੀਕ ਹੈ ਕਿ ਪਿਛਲੀਆਂ ਸਾਰੀਆਂ ਧਰਮ ਪੁਸਤਕਾਂ ਵਿਚ ਲੋਕਾਂ ਨੇ ਚੋਖੇ ਵਾਧੇ-ਘਾਟੇ ਕੀਤੇ ਹੋਏ ਹਨ। ਪਰ ਫੇਰ ਇਹ ਇਕ ਅਟੱਲ ਸੱਚਾਈ ਹੈ ਕਿ ਓਹਨਾਂ ਦਾ ਸੋਮਾ ਈਸ਼ਵਰੀ ਗਿਆਨ ਹੀ ਹੈ। ਅਸੀਂ ਓਹਨਾਂ ਦੀ ਪੁਸ਼ਟੀ ਕਰਦੇ ਹਾਂ, ਅਰਥਾਤ ਓਹਨਾਂ ਦੇ ਪ੍ਰਭੂ ਵਲੋਂ ਹੋਣ ਦੀ ਹਾਮੀ ਭਰਦੇ ਹਾਂ। ਸਾਨੂੰ ਤਾਂ ਪ੍ਰਭੂ ਨੇ ਹੋਰ ਕਈ ਮਨੋਰਥਾਂ ਤੋਂ ਛੁੱਟ ਇਸ ਕਾਰਜ ਲਈ ਵੀ ਭੇਜਿਆ ਹੈ ਕਿ ਅਸੀਂ ਪ੍ਰਭੂ ਵਲੋਂ ਸਮੇਂ ਸਮੇਂ ਪਰਗਟ ਹੋਈਆਂ ਸਾਰੀਆਂ ਹੀ ਧਰਮ ਪੁਸਤਕਾਂ ਦੀ ਸੱਚਾਈ ਤੇ ਮੁਹਰ ਲਾਈਏ; ਤਾਂ ਜੁ ਪ੍ਰਭੂ ਤੇ ਜ਼ੁਲਮ ਕਰਨ ਦਾ ਦੋਸ਼ ਨਾ ਲਗ ਸਕੇ ਅਤੇ ਸੁੰਦਰਤਾ ਨੂੰ ਵੇਖ ਕੇ ਉਸ ਤੋਂ ਮੂੰਹ ਮੋੜਨ ਵਾਲੇ ਲੋਕ ਆਤਮਕ ਅੰਨ੍ਹੇ ਹੋਣ ਦੇ ਰੋਗ ਵਿਚ ਨਾ ਗ੍ਰਸੇ ਜਾਣ। ਮੂਰਖ ਲੋਕ ਓਹਨਾਂ ਪੁਸਤਕਾਂ ਦੀ ਸੱਚਾਈ ਤੋਂ ਕਿਉਂ ਇਨਕਾਰ ਕਰਦੇ ਹਨ, ਜਿਨ੍ਹਾਂ ਵਿਚ ਭਵਿਖਤ ਬਾਣੀਆਂ ਦਾ ਵਰਣਨ ਹੈ ? ਅਰਥਾਤ ਜਿਨ੍ਹਾਂ ਦੀ ਸੱਚਾਈ ਤੇ ਪ੍ਰਭੂ ਨੇ – ਆਉਣ ਵਾਲੇ ਸਮਿਆਂ ਬਾਰੇ ਪੇਸ਼ਗੋਈਆਂ ਕਰਕੇ ਅਤੇ ਖਾਸ ਕਰਕੇ ਸਾਡੇ ਸਮੇਂ ਦੀਆਂ ਖਬਰਾਂ ਦਸ ਕੇ — ਆਪ ਮੋਹਰ ਲਾ ਦਿੱਤੀ ਹੈ। ਕੋਈ ਪ੍ਰਾਣੀ ਅਜੇਹਾ ਨਹੀਂ, ਜਿਸ ਨੂੰ ਭਵਿੱਖਤ ਬਾਰੇ ਕੋਈ ਗਿਆਨ ਪ੍ਰਾਪਤ ਹੋਵੇ। ਇਹ ਪੁਸਤਕਾਂ ਤਾਂ ਭਵਿੱਖਤ ਗਿਆਨ ਦਾ ਭੰਡਾਰ ਹਨ। ਇਸ ਦੇ ਨਾਲ ਹੀ ਇਹ ਵੀ ਵੇਖੋ ਕਿ ਏਹਨਾਂ ਵਿਚ ਲੋਕਾਂ ਵਲੋਂ ਕੀਤੇ ਗਏ ਬੇਅੰਤ ਵਾਧਿਆਂ-ਘਾਟਿਆਂ ਦੇ ਹੁੰਦਿਆਂ ਹੋਇਆਂ ਵੀ ਪ੍ਰਭੂ ਦੀ ਏਕਤਾ

Digitized by Panjab Digital Library | www.panjabdigilib.org

ਬਾਰੇ ਦਿੱਤੀ ਗਈ ਸਿੱਖਿਆ ਅੱਜ ਤਕ ਮੌਜੂਦ ਹੈ; ਹਾਲਾਂਕਿ ਸ਼ੈਤਾਨੀ ਬਾਣੀ ਕਦੇ ਵੀ ਪ੍ਰਭੂ ਦੀ ਪਾਤਸ਼ਾਹੀ ਸਥਾਪਨ ਨਹੀਂ ਕੀਤਾ ਕਰਦੀ।"

ਇਸ ਆਵਾਜ਼ ਨੂੰ ਸੁਣ ਕੇ ਮੇਰੇ ਦਿਲ ਦੀਆਂ ਸਾਰੀਆਂ ਪੀੜਾਂ ਹਰਨ ਹੋ ਗਈਆਂ ਤੇ ਮੇਰੀ ਸਾਰੀ ਹੈਰਾਨੀ ਤੇ ਪ੍ਰੇਸ਼ਾਨੀ ਦੂਰ ਹੋ ਗਈ। ਮੈਂ ਫੇਰ ਇਕ ਠੰਡਾ ਸਾਹ ਲਿਆ ਤੇ ਇਹ ਕਿਹਾ ਕਿ ਇਹ ਆਵਾਜ਼ ਤਾਂ ਪਹਿਲੀਆਂ ਧਰਮ ਪੁਸਤਕਾਂ ਲਈ ਵੀ ਰਹਿਮਤ ਹੀ ਸਿਧ ਹੋਈ ਹੈ।

ਮਨੁੱਖ ਜਾਤੀ ਦੀ ਜ਼ਮੀਰ ਲਈ ਰਹਿਮਤ

ਜਦ ਮੈਂ ਇਹ ਵੇਖਿਆ ਕਿ ਸੰਸਾਰ ਦੀਆਂ ਸਾਰੀਆਂ ਹੀ ਜਾਤੀਆਂ ਵਿਚ ਨਬੀ, ਰਸੂਲ ਤੇ ਅਵਤਾਰੀ ਪੁਰਸ਼ ਪਰਗਟ ਹੋਏ ਹਨ ਅਤੇ ਓਹਨਾਂ ਕੋਲ ਓਹਨਾਂ ਦੀ ਸਿੱਖਿਆ ਦਾ ਚਾਨਣਾ ਵੀ ਮੌਜੂਦ ਹੈ, ਜਿਸ ਦੁਆਰਾ ਉਹ ਪ੍ਰਭੂ ਦਾ ਪੂਰਣ ਨੂਰ ਵੀ ਪ੍ਰਾਪਤ ਕਰ ਸਕਦੇ ਹਨ, ਤਾਂ ਮੈਂ ਇਹ ਕਿਹਾ ਕਿ ਉਸ ਈਰਖਾ ਤੇ ਵੈਰ-ਭਾਵ ਦੇ ਹੁੰਦਿਆਂ ਹੋਇਆਂ — ਜੋ ਅੱਡ ਅੱਡ ਜਾਤੀਆਂ ਵਿਚ ਇਕ ਦੂਜੇ ਦੇ ਧਰਮ ਪੁਸਤਕਾਂ ਤੇ ਮਹਾਂ ਪੁਰਖਾਂ ਬਾਰੇ ਹੈ। ਫੇਰ ਵੀ ਉਹ ਸਾਂਝ ਤੇ ਮੇਲ ਜੋ ਇਕ ਦੂਜੇ ਦੇ ਧਰਮ ਵਿਚ ਵਿਦਮਾਨ ਹੈ, ਅਰਥਾਤ ਓਹਨਾਂ ਉੱਚੇ ਤੇ ਸੁੱਚੇ ਉਪਦੇਸ਼ਾਂ ਸਦਕਾ, ਜੋ ਓਹਨਾਂ ਦੀਆਂ ਧਰਮ ਪੁਸਤਕਾਂ ਵਿਚ ਭਰੇ ਪਏ ਹਨ, ਜਗ ਵਿਚ ਏਕਤਾ ਤੇ ਸ਼ਾਂਤੀ ਦੀ ਇਕ ਨੀਂਹ ਰਖ ਦਿੱਤੀ ਗਈ ਹੈ। ਭਾਵੇਂ ਵਧੇਰੇ ਲੋਕ ਓਪਰੇਪਨ ਤੇ ਆਪਣੀ ਫੋਕੀ ਅਣਖ ਦੇ ਅਧਾਰ ਤੇ ਇਕ ਦੂਜੇ ਦੇ ਮਹਾਂ-ਪੁਰਖਾਂ ਨੂੰ ਨਾ ਅਪਣਾਉਣ; ਤਾਂ ਵੀ ਇਸ ਏਕਤਾ ਤੇ ਸਾਂਝ ਨੇ ਸੰਸਾਰ ਨੂੰ ਲੜਾਈਆਂ-ਝਗੜਿਆਂ ਤੋਂ ਤਾਂ ਜ਼ਰੂਰ ਬਚਾ ਲਿਆ ਹੋਵੇਗਾ। ਪਰ ਮੈਂ ਇਹ

Digitized by Panjab Digital Library | www.panjabdigilib.org

ਵੇਖ ਕੇ ਵੱਡਾ ਹੈਰਾਨ ਹੋਇਆ ਕਿ ਕਈ ਲੋਕ ਦੂਜਿਆਂ ਨੂੰ ਇਸ ਲਈ ਮਾਰ-ਕੁਟਾਈ ਕਰ ਰਹੇ ਸਨ ਤੇ ਅਨੇਕਾਂ ਤਸੀਹੇ ਦੇ ਰਹੇ ਸਨ ਕਿ ਓਹ ਆਪਣੇ ਸਿੱਧਾਂਤਾਂ ਤੇ ਵਿਚਾਰਾਂ ਦਾ ਤਿਆਗ ਕਰਕੇ ਓਹਨਾਂ ਦੇ ਸਿੱਧਾਂਤ ਤੇ ਵਿਚਾਰ ਕਿਉਂ ਨਹੀਂ ਧਾਰਨ ਕਰਦੇ ? ਮੈਂ ਇਹ ਵੀ ਵੇਖਿਆ ਕਿ ਕਈਆਂ ਨੂੰ ਗਾਲ੍ਹਾਂ ਦਿੱਤੀਆਂ ਜਾ ਰਹੀਆਂ ਸਨ, ਕਈਆਂ ਨੂੰ ਮਾਰਿਆ-ਕੁੱਟਿਆ ਜਾ ਰਿਹਾ ਸੀ। ਕਈਆਂ ਉਤੇ ਆਰਥਕ ਜਾਂ ਸਮਾਜਕ ਭਾਰ ਪਾਇਆ ਜਾ ਰਿਹਾ ਸੀ। ਕਈਆਂ ਦਾ ਬਾਈਕਾਟ ਕੀਤਾ ਜਾ ਰਿਹਾ ਸੀ। ਕਈਆਂ ਨੂੰ ਯੋਗਤਾ ਦੇ ਹੁੰਦਿਆਂ ਹੋਇਆਂ ਵੀ ਨੌਕਰੀਆਂ ਨਹੀਂ ਦਿੱਤੀਆਂ ਜਾਂਦੀਆਂ ਸਨ। ਕਈਆਂ ਕੋਲ ਵੇਚਣ ਵਾਸਤੇ ਚੰਗਾ ਮਾਲ ਤਾਂ ਹੁੰਦਾ ਸੀ, ਪਰ ਓਹ ਦੂਜਿਆਂ ਨਾਲ ਲੈਣ-ਦੇਣ ਕਰਨ ਤੋਂ ਸੰਕੋਚ ਕਰਦੇ ਸਨ। ਇਸੇ ਤਰ੍ਹਾਂ ਕਈਆਂ ਨੂੰ ਅਜਾਈਂ ਤੇ ਬੇਕਸੂਰ ਹੀ ਮੁਕੱਦਮੇ-ਬਾਜ਼ੀਆਂ ਤੇ ਅਦਾਲਤਾਂ ਵਿਚ ਘਸੀਟਿਆ ਜਾ ਰਿਹਾ ਸੀ। ਕਈਆਂ ਨੂੰ ਤਲਵਾਰ ਦੇ ਜ਼ੋਰ ਆਪਣਾ ਧਰਮ ਤਿਆਗਣ ਤੇ ਮਜਬੂਰ ਕੀਤਾ ਜਾ ਰਿਹਾ ਸੀ। ਮੈਂ ਇਹ ਵੀ ਵੇਖਿਆ ਕਿ ਕਈ ਵਾਰ ਤਾਂ ਜਿਸ ਤੇ ਧੱਕਾ ਕੀਤਾ ਜਾਂਦਾ ਸੀ, ਉਸ ਦੇ ਸਿੱਧਾਂਤ ਧੱਕਾ ਕਰਨ ਵਾਲਿਆਂ ਤੋਂ ਕਿਤੇ ਸੋਹਣੇ ਤੇ ਚੰਗੇ ਹੁੰਦੇ ਸਨ। ਕਈ ਵਾਰ ਤਾਂ ਧੱਕਾ ਕਰਨ ਵਾਲਿਆਂ ਦੇ ਆਪਣੇ ਕਰਤਵ ਵੱਡੇ ਭੈੜੇ ਹੁੰਦੇ ਸਨ ਤੇ ਜਿਸ ਤੇ ਧੱਕਾ ਕੀਤਾ ਜਾ ਰਿਹਾ ਹੁੰਦਾ ਸੀ, ਉਹ ਵੱਡਾ ਧਰਮੀ ਤੇ ਸ਼ੁਭ ਕਰਮੀ ਹੁੰਦਾ ਸੀ। ਮੈਂ ਇਹ ਸਭ ਕੁਝ ਵੇਖ ਕੇ ਵੱਡਾ ਚਕ੍ਰਿਤ ਸੀ ਕਿ ਇਹ ਕੀ ਹੋ ਰਿਹਾ ਹੈ ? ਜਦ ਕਈ ਲੋਕ ਏਹਨਾਂ ਅਤਿਆਚਾਰੀਆਂ ਤੋਂ ਪੁੱਛਦੇ ਸਨ ਕਿ ਇਹ ਜ਼ੁਲਮ ਕਿਉਂ ਕੀਤੇ ਜਾ ਰਹੇ ਹਨ ? ਤਾਂ ਓਹ ਅਤਿਆਚਾਰੀ ਵੱਡੀ ਬੇਪਰਵਾਹੀ ਨਾਲ ਇਹ ਉੱਤਰ ਦਿੰਦੇ ਸਨ ਕਿ :—

> "ਜਾਓ, ਤੁਸੀਂ ਆਪਣਾ ਕੰਮ ਕਰੋ; ਤੁਹਾਨੂੰ ਏਹਨਾਂ ਗੱਲਾਂ ਨਾਲ ਕੀ ਵਾਸਤਾ ? ਅਸੀਂ ਜੋ ਕੁਝ ਕਰ ਰਹੇ ਹਾਂ, ਉਹੋ ਠੀਕ ਹੈ। ਇਹ ਕੋਈ ਧੱਕਾ ਨਹੀਂ। ਅਸੀਂ ਤਾਂ ਏਹਨਾਂ ਦੇ ਸ਼ੁਭਚਿੰਤਕ ਹਾਂ। ਜੇ ਅਸੀਂ ਏਹਨਾਂ ਉਤੇ ਸਰੀਰਕ ਤੌਰ ਤੇ ਕੋਈ ਵਧੀਕੀ ਕਰ ਰਹੇ ਹਾਂ,

Digitized by Panjab Digital Library | www.panjabdigilib.org

ਤਾਂ ਇਹ ਕੋਈ ਗੱਲ ਨਹੀਂ। ਅਸੀਂ ਤਾਂ ਏਹਨਾਂ ਦੀ ਮੁਕਤੀ ਲੋਚਦੇ ਹਾਂ।"

ਮੈਂ ਇਹ ਵੇਖਿਆ ਕਿ ਏਹ ਜ਼ੁਲਮ ਵਧਦੇ ਵਧਦੇ ਇੱਥੋਂ ਤਕ ਪੁਜ ਗਏ ਕਿ ਕਈਆਂ ਨੂੰ ਕੇਵਲ ਇਸ ਕਰਕੇ ਹੀ ਤਸੀਹੇ ਦਿਤੇ ਜਾਣ ਲਗ ਪਏ ਕਿ ਓਹ ਕਿਉਂ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਆਵਾਜ਼ ਸੁਣਦੇ ਹਨ ? ਤੇ ਕਿਉਂ ਈਸ਼ੂਰ ਦੀ ਏਕਤਾ ਦਾ ਸਿੱਧਾਂਤ ਅਪਣਾ ਰਹੇ ਹਨ ? ਕਈਆਂ ਨੂੰ ਇਸ ਲਈ ਦੁਖ ਦਿੱਤਾ ਜਾ ਰਿਹਾ ਸੀ ਕਿ ਓਹ ਪ੍ਰਭੂ ਦੇ ਮੱਥੇ ਊਣਤਾਈਆਂ ਮੜ੍ਹਨ ਤੋਂ ਕਿਉਂ ਸੰਕੋਚ ਕਰ ਰਹੇ ਹਨ ? ਮੈਂ ਕਈਆਂ ਨੂੰ ਦੂਜਿਆਂ ਤੇ ਇਸ ਲਈ ਜ਼ੁਲਮ ਕਰਦੇ ਵੀ ਵੇਖਿਆ ਕਿ ਓਹ ਇਹ ਕਿਉਂ ਨਹੀਂ ਮੰਨਦੇ ਕਿ ਸਰਬ ਕਲਾ ਸਮਰਥ ਪ੍ਰਭੂ ਵੀ ਝੂਠ ਬੋਲਣ ਤੇ ਸਮਰਥ ਹੈ ?

ਆਹ ! ਇਹ ਕਿੱਡਾ ਭਿਆਨਕ ਦ੍ਰਿਸ਼ ਸੀ, ਜਿਸ ਨੂੰ ਵੇਖ ਕੇ ਮੇਰੀ ਆਤਮਾ ਕੰਬ ਗਈ। ਮੈਂ ਇਹ ਸੋਚਿਆ ਕਿ ਓੜਕ ਏਹਨਾਂ ਨਬੀਆਂ ਤੇ ਰਸੂਲਾਂ ਦੇ ਪਰਗਟ ਹੋਣ ਦਾ ਕੀ ਲਾਭ ਹੋਇਆ। ਇਹ ਸ਼ਰੀਅਤਾਂ ਤੇ ਧਰਮ ਪੁਸਤਕਾਂ ਕਿਸ ਕੰਮ ਦੀਆਂ ਹਨ ਕਿ ਜਿਨ੍ਹਾਂ ਦੇ ਹੁੰਦਿਆਂ ਹੋਇਆਂ ਵੀ ਇਹ ਘੋਰ ਪਾਪ ਤੇ ਵੱਡੇ ਅਤਿਆਚਾਰ ਹੋ ਰਹੇ ਹਨ ? ਮੈਂ ਅਜੇ ਲੋਕਾਂ ਦੇ ਇਸ ਵਰਤਾਉ ਤੇ ਚਕ੍ਰਿਤ ਹੀ ਹੋ ਰਿਹਾ ਸੀ ਕਿ ਮੈਂ ਇਹ ਵੇਖਿਆ ਕਿ ਕਈ ਲੋਕ ਪ੍ਰਭੂ ਦੀ ਬੰਦਗੀ ਤੇ ਪੂਜਾ ਪਾਠ ਲਈ ਧਰਮ ਅਸਥਾਨਾਂ ਵਿਚ ਜਾਣਾ ਚਾਹੁੰਦੇ ਹਨ, ਪਰ ਕਈ ਦੂਜੇ ਲੋਕ ਓਹਨਾਂ ਨੂੰ ਧਰਮ ਮੰਦਰਾਂ ਵਿਚ ਵੜਨ ਤੋਂ ਰੋਕ ਰਹੇ ਹਨ ਤੇ ਇਹ ਕਹਿ ਰਹੇ ਹਨ ਕਿ ਤੁਹਾਨੂੰ ਇਹ ਅਧਿਕਾਰ ਕਿਸ ਨੇ ਦਿੱਤਾ ਹੈ ਕਿ ਤੁਸੀਂ ਏਹਨਾਂ ਪਵਿੱਤਰ ਧਰਮ ਅਸਥਾਨਾਂ ਨੂੰ ਭ੍ਰਿਸ਼ਟ ਕਰੋ। ਤੁਹਾਨੂੰ ਸ਼ਰਮ ਕਿਉਂ ਨਹੀਂ ਆਉਂਦੀ ਕਿ ਜਦ ਤੁਸੀਂ ਪ੍ਰਭੂ ਦੇ ਭੋਜਨਾਂ ਵਿਚੋਂ "ਪਤੀਰੀ" ਦੀ ਥਾਂ "ਖਮੀਰੀ" ਰੋਟੀ ਦੀ ਵਰਤੋਂ ਕਰਦੇ ਹੋ, ਜਾਂ ਪਵਿੱਤਰ ਚੀਜ਼ਾਂ ਨੂੰ ਦਸਤਾਨੇ ਪਾ ਕੇ ਹੱਥ ਲਾਉਂਦੇ ਹੋ, ਤਾਂ ਤੁਸੀਂ ਸਾਡੇ ਧਰਮ ਅਸਥਾਨਾਂ ਵਿਚ ਵੜ ਕੇ ਓਹਨਾਂ ਨੂੰ ਕਿਉਂ ਭ੍ਰਿਸ਼ਟ ਕਰਨਾ ਚਾਹੁੰਦੇ ਹੋ ? ਗੱਲ ਕੀ, ਇਸੇ ਤਰ੍ਹਾਂ ਦੀਆਂ ਹੋਰ ਅਨੇਕਾਂ ਗੱਲਾਂ ਦੇ ਅਧਾਰ ਤੇ ਮੈਂ ਇਕ ਦੂਜੇ ਨੂੰ ਧਰਮ-ਮੰਦਰਾਂ ਵਿਚ ਜਾਣ ਤੋਂ ਰੋਕਦਿਆਂ ਵੇਖਿਆ। ਇਸ ਦਾ

Digitized by Panjab Digital Library | www.panjabdigilib.org

ਸਿੱਟਾ ਇਹ ਨਿਕਲ ਰਿਹਾ ਸੀ ਕਿ ਲੋਕਾਂ ਦੀ ਰੁਚੀ ਈਸ਼੍ਵਰ-ਉਪਾਸਨਾ ਵੱਲੋਂ ਹਟਦੀ ਜਾ ਰਹੀ ਸੀ ।

ਫੇਰ ਮੈਂ ਇਹ ਵੇਖਿਆ ਕਿ ਕਈ ਲੋਕ ਇਸ ਤੋਂ ਵੀ ਅੱਗੇ ਵਧੇ ਹੋਏ ਸਨ । ਓਹਨਾਂ ਨੇ ਪੁੰਨ ਦਾ ਵੱਡਾ ਸਾਧਨ ਏਹੋ ਸਮਝਿਆ ਹੋਇਆ ਸੀ ਕਿ ਜਿੱਥੇ ਵੀ ਦਾਉ ਲੱਗੇ ਦੂਜਿਆਂ ਦੇ ਧਰਮ-ਮੰਦਰ ਢਹਿ ਢੇਰੀ ਕਰ ਦਿਓ । ਯਹੂਦੀ ਈਰਾਨੀਆਂ ਦੇ ਗਿਰਜੇ, ਈਸਾਈ ਯਹੂਦੀਆਂ ਦੇ ਧਰਮ-ਮੰਦਰ, ਬੋਧੀ ਹਿੰਦੂਆਂ ਦੇ ਸ਼ਿਵਾਲੇ ਤੇ ਹਿੰਦੂ ਬੁਧਾਂ ਦੇ ਧਰਮ-ਅਸਥਾਨ ਢਾਹੁਣ ਵਿਚ ਰੁਝੇ ਹੋਏ ਸਨ ਅਤੇ ਆਪਣੀ ਇਸ ਕੁਕਰਮੀ ਤੇ ਵੱਡਾ ਮਾਣ ਕਰ ਕਰ ਰਹੇ ਸਨ । ਹਰੇਕ ਏਹੋ ਸਮਝ ਰਿਹਾ ਸੀ ਕਿ ਪ੍ਰਭੂ ਦੀ ਬਖ਼ਸ਼ਿਸ਼ ਤੇ ਮਿਹਰ ਪ੍ਰਾਪਤ ਕਰਨ ਦਾ ਏਹੋ ਹੀ ਸਿਧਾ ਮਾਰਗ ਹੈ ਕਿ ਦੂਜੀਆਂ ਜਾਤੀਆਂ ਦੇ ਧਰਮ-ਅਸਥਾਨਾਂ ਦੇ ਨਾਂ ਨਿਸ਼ਾਨ ਮਿਟਾ ਦਿੱਤੇ ਜਾਣ ।

ਆਹ ! ਇਹ ਪਵਿੱਤਰ ਭਾਵਾਂ ਦੇ ਅਪਮਾਨ ਦਾ ਇਕ ਭਿਆਨਕ ਦ੍ਰਿਸ਼ ਸੀ; ਇਕ ਦਿਲ ਕੰਬਾਊ ਨਜ਼ਾਰਾ ਸੀ । ਮੈਂ ਇਹ ਸੋਚਿਆ ਕਿ ਕੀ ਇਹ ਉਹੋ ਉੱਨਤੀ ਹੈ, ਜੋ ਜਗ ਨੇ ਹਜ਼ਾਰਾਂ ਸਾਲਾਂ ਵਿਚ ਪ੍ਰਾਪਤ ਕੀਤੀ ਹੈ ? ਜਦ ਕਿ ਲਗਪਗ ਹਰੇਕ ਸਦੀ ਵਿਚ ਕੋਈ ਨਾ ਕੋਈ ਨਬੀ ਤੇ ਰਸੂਲ ਵੀ ਪਰਗਟ ਹੁੰਦਾ ਰਿਹਾ ਹੈ ? ਕੀ ਇਹ ਉਹੋ ਵਿਕਾਸ ਹੈ, ਜਿਸ ਨੂੰ ਸਾਇੰਸ ਵੇਤਾ ਸਾਡੇ ਸਾਹਮਣੇ ਪੇਸ਼ ਕਰਦੇ ਹਨ ? ਮੈਂ ਸ਼ਾਇਦ ਨਬੀਆਂ ਤੇ ਰਸੂਲਾਂ ਦੇ ਪਾਇਦਾਰ ਤੇ ਮਜ਼ਬੂਤ ਕੰਮਾਂ ਦਾ ਕਾਇਲ ਹੀ ਨਾ ਰਹਿੰਦਾ, ਜੇ ਉਹੋ ਪਵਿੱਤਰ ਤੇ ਪਾਕ ਆਵਾਜ਼, ਜੋ ਪਹਿਲਾਂ ਵੀ ਮੇਰੇ ਕਈ ਸ਼ੰਕੇ ਨਵਿਰਤ ਕਰ ਚੁੱਕੀ ਸੀ, ਮੁੜ ਉੱਚੀ ਨਾ ਹੁੰਦੀ ਅਤੇ ਮੈਂ ਮੁੜ ਉਸ ਨੂੰ ਜਗ ਦੀਆਂ ਹੋਰ ਆਵਾਜ਼ਾਂ ਨੂੰ ਦਬਾਉਂਦਿਆਂ ਹੋਇਆਂ ਨਾ ਵੇਖਦਾ । ਮੈਂ ਫੇਰ ਉਸ ਨੂੰ ਵੱਡੀ ਗੰਭੀਰਤਾ ਨਾਲ ਇਹ ਕਹਿੰਦਿਆਂ ਸੁਣਿਆ ਕਿ :—

''ਸੱਚ ਆ ਗਿਆ ਹੈ, ਤੇ ਕੂੜ ਨਿਖੁੱਟ ਗਿਆ ਹੈ । ਕੂੜ ਤਾਂ ਸਦਾ ਨਿਖੁੱਟਿਆ ਹੀ ਕਰਦਾ ਹੈ । ਧਰਮ ਬਾਰੇ ਕੋਈ ਧੱਕਾ ਯੋਗ

Digitized by Panjab Digital Library | www.panjabdigilib.org

ਨਹੀਂ; ਕਿਉਂ ਜੁ ਪ੍ਰਭੂ ਨੇ ਸੁਮਾਰਗ ਤੇ ਕੁਮਾਰਗ ਦਾ ਨਿਰਣਾ ਕਰ ਦਿੱਤਾ ਹੈ । ਪ੍ਰਭੂ ਨੇ ਹਰੇਕ ਗੱਲ ਵਿਸਥਾਰ ਪੂਰਬਕ ਵਰਣਨ ਕਰ ਦਿੱਤੀ ਹੈ । ਉਹ (ਪ੍ਰਭੂ) ਲੋੜ ਅਨੁਸਾਰ ਸਰੀਰਕ ਪਾਣੀ ਵਾਂਗ ਅੱਡ ਅੱਡ ਦੇਸਾਂ ਵਿਚ ਆਤਮਕ ਮੀਂਹ ਵੀ ਵਰ੍ਹਾਉਂਦਾ ਰਿਹਾ ਹੈ । ਉਸ ਆਤਮਕ ਮੀਂਹ ਦੇ ਮਤਿਭੇਦ ਇਸ ਗੱਲ ਦਾ ਪਰਗਟਾਅ ਨਹੀਂ ਕਰ ਰਹੇ ਕਿ ਉਹ ਪਾਣੀ ਪਵਿੱਤਰ ਤੇ ਪਾਕ ਨਹੀਂ, ਸਗੋਂ ਭਿੰਨ ਭਿੰਨ ਦੇਸਾਂ ਤੇ ਵੱਖ ਵੱਖ ਸਮਿਆਂ ਦੇ ਲੋਕਾਂ ਦੇ ਸੁਭਾਉ ਤੇ ਲੋੜਾਂ ਦੀ ਭੇਦਤਾ ਨੂੰ ਪਰਗਟ ਕਰ ਰਹੇ ਹਨ । ਜਿਸ ਨੂੰ, ਜਦੋਂ ਜੋ ਲੋੜ ਪੇਸ਼ ਆਈ, ਪ੍ਰਭੂ ਨੇ ਉਸ ਅਨੁਸਾਰ ਸੁਮਾਰਗ ਦੇ ਸਾਧਨ ਪੈਦਾ ਕਰ ਦਿਤੇ । ਸੋ ਤੁਸੀਂ ਇਸ ਮਤਿਭੇਦ ਦੇ ਅਧਾਰ ਤੇ ਇਕ ਦੂਜੇ ਤੇ ਕੋਈ ਧੱਕਾ ਨਾ ਕਰੋ । ਜੇ ਕੋਈ ਕੁਰਾਹੇ ਪਿਆ ਹੋਇਆ ਹੈ, ਤਾਂ ਉਸ ਨੂੰ ਵੀ ਧੱਕੇ ਨਾਲ ਕੋਈ ਗਲ ਨਾ ਮੰਨਵਾਓ । ਪ੍ਰਭੂ ਹਰੇਕ ਨਾਲ ਉਸ ਦੇ ਮਨ ਦੀ ਦਸ਼ਾ ਦੇ ਅਧਾਰ ਤੇ ਹੀ ਵਰਤਾਉ ਕਰਦਾ ਹੈ; ਨਾ ਕਿ ਉਸ ਦੀਆਂ ਕੇਵਲ ਮੂੰਹੋਂ-ਕਹੀਆਂ ਗੱਲਾਂ ਅਨੁਸਾਰ । ਪ੍ਰਭੂ ਨੂੰ ਤੁਹਾਡੀਆਂ ਗੱਲਾਂ ਜਾਂ ਕਰਮ ਨਹੀਂ ਪੁਜਦੇ; ਸਗੋਂ ਉਸ ਦੀ ਹਜ਼ੂਰੀ ਤੁਹਾਡੇ ਮਨ ਦੀ ਦਸ਼ਾ ਪੁਜਦੀ ਹੈ, ਜੋ ਧੱਕੇ ਦੇ ਸਿੱਟੇ ਵਿਚ ਕਦੇ ਵੀ ਪੈਦਾ ਨਹੀਂ ਹੋ ਸਕਦੀ । ਇਕ ਦੂਜੇ ਨੂੰ ਧਰਮ-ਮੰਦਰਾਂ ਵਿਚ ਜਾ ਕੇ ਪ੍ਰਭੂ ਦੀ ਉਪਾਸਨਾ ਕਰਨ ਤੋਂ ਨਾ ਰੋਕੋ - ਇਹ ਵੱਡਾ ਜ਼ੁਲਮ ਹੈ । ਜੋ ਪ੍ਰਾਣੀ ਪ੍ਰਭੂ ਦਾ ਨਾਮ ਜਪਣ ਦਾ ਚਾਹਵਾਨ ਹੈ, ਉਹ ਜਿਵੇਂ ਚਾਹੇ ਜਪ ਸਕਦਾ ਹੈ — ਉਸ ਨੂੰ ਇਸ ਦੀ ਪੂਰਣ ਖੁਲ੍ਹ ਦਿਓ; ਤਾਂ ਜੁ ਲੋਕਾਂ ਵਿਚ ਈਸ਼ਵਰ-ਉਪਾਸਨਾ ਦੀ ਰੁਚੀ ਪੈਦਾ ਹੋਵੇ ਤੇ ਨਾਸਤਕਤਾ ਨਾ ਵਧੇ । ਕਿਸੇ ਦੇ ਧਰਮ-ਅਸਥਾਨ ਨੂੰ ਨਾ ਢਾਓ; ਭਾਵੇਂ ਆਪਸ ਵਿਚ ਕਿੰਨਾ ਹੀ ਮਤਿਭੇਦ ਕਿਉਂ ਨਾ ਹੋ ਜਾਏ ? ਕਿਉਂ ਜੁ ਇਸ ਤਰ੍ਹਾਂ ਜ਼ੁਲਮ ਤੇ ਝਗੜੇ ਦੀ ਨੀਂਹ ਰੱਖੀ ਜਾਂਦੀ ਹੈ ਅਤੇ ਇਕ ਲੰਮੇ ਸਮੇਂ ਤਕ ਸ਼ਾਂਤੀ ਦਾ ਸਥਾਪਨ ਹੋਣਾ ਅਸੰਭਵ ਹੋ ਜਾਂਦਾ ਹੈ । ਜੇ ਕੋਈ

Digitized by Panjab Digital Library | www.panjabdigilib.org

ਅਜੇਹਾ ਕਰੇਗਾ; ਪ੍ਰਭੂ ਉਸ ਦੇ ਰਾਜ-ਭਾਗ ਨੂੰ ਨਸ਼ਟ ਕਰ ਦੇਵੇਗਾ ਤੇ ਉਸ ਦੀ ਥਾਂ ਨਵੀਂ ਕੌਮ ਪੈਦਾ ਕਰ ਦੇਵੇਗਾ, ਜੋ ਉਸ ਦੀ ਆਗਿਆ ਅਨੁਸਾਰ ਸਾਰੇ ਧਰਮ ਅਸਥਾਨਾਂ ਦੀ ਰਾਖੀ ਕਰੇਗੀ।"

ਇਸ ਆਵਾਜ਼ ਨੇ ਮੇਰੇ ਸਾਰੇ ਸ਼ੰਕੇ ਨਵਿਰਤ ਕਰ ਦਿਤੇ। ਮੇਰੇ ਵਿਚਾਰਾਂ ਨੂੰ ਇਕ ਥਾਂ ਇਕੱਤਰ ਕਰ ਦਿੱਤਾ। ਮੈਂ ਮੁੜ ਆਜ਼ਾਦੀ ਦਾ ਸਾਹ ਲਿਆ, ਜਿਸ ਵਿਚ ਇਕ ਬੰਨੇ ਧੀਰਜ ਤੇ ਦੂਜੇ ਬੰਨੇ ਦਰਦ ਮਿਲਿਆ ਹੋਇਆ ਸੀ। ਧੀਰਜ ਇਸ ਲਈ ਕਿ ਮੈਂ ਇਹ ਅਨੁਭਵ ਕੀਤਾ ਸੀ ਕਿ ਜਗ ਦੇ ਸੁਧਾਰ ਦਾ ਸਮਾਂ ਨੇੜੇ ਆ ਗਿਆ ਹੈ। ਹੁਣ ਸਾਰੇ ਜ਼ਾਲਮ ਨਸ਼ਟ ਕਰ ਦਿੱਤੇ ਜਾਣਗੇ ਅਤੇ ਦਰਦ ਇਸ ਲਈ ਕਿ ਇਸ ਆਵਾਜ਼ ਦੇ ਸੁਆਮੀ ਵਲ ਮੇਰਾ ਧਿਆਨ ਖਿੱਚਿਆ ਜਾ ਰਿਹਾ ਸੀ, ਪਰ ਤੇਰਾਂ ਸੌ ਸਾਲ ਦੀ ਵਿਥ ਮੇਰੇ ਤੇ ਉਸ ਵਿਚਾਲੇ ਵੱਡੇ ਉਹਲੇ ਦਾ ਕਾਰਨ ਬਣ ਰਹੀ ਸੀ। ਮੇਰੇ ਦਿਲ ਤੋਂ ਇਕ ਆਹ ਨਿਕਲੀ ਤੇ ਮੈਂ ਧੰਨਵਾਦ ਤੇ ਧੀਰਜ ਭਰੇ ਦਿਲ ਨਾਲ ਇਹ ਕਿਹਾ ਕਿ ਇਹ ਆਵਾਜ਼ ਤਾਂ ਮਨੁੱਖੀ ਜ਼ਮੀਰ ਲਈ ਵੀ ਇਕ ਰਹਿਮਤ ਹੀ ਸਿਧ ਹੋਈ।

ਅੰਗ ਹੀਣਾਂ ਲਈ ਰਹਿਮਤ

ਇਸ ਤੋਂ ਮਗਰੋਂ ਮੇਰਾ ਧਿਆਨ ਅੰਗ-ਹੀਣ ਲੋਕਾਂ ਵਲ ਚਲਾ ਗਿਆ, ਮੈਂ ਇਹ ਵੇਖਿਆ ਕਿ ਮਨੁੱਖ ਜਾਤੀ ਵਿਚ ਬੇਅੰਤ ਲੋਕ ਅਜੇਹੇ ਵੀ ਹਨ, ਜੋ ਕਿਸੇ ਨਾ ਕਿਸੇ ਕਾਰਨ ਸਦਕਾ ਨਕਾਰੇ ਤੇ ਨਿਕੰਮੇ ਦਿਸਦੇ ਹਨ। ਓਹਨਾਂ ਵਿਚੋਂ ਕਈ ਅੰਨ੍ਹੇ ਹਨ; ਕਈ ਬੋਲੇ ਹਨ; ਕਈ ਗੁੰਗੇ ਹਨ; ਕਈ ਲੂਲ੍ਹੇ ਹਨ; ਕਈ ਲੰਗੜੇ ਹਨ; ਕਈਆਂ ਨੂੰ ਅਧਰੰਗ ਹੋਇਆ ਹੈ; ਕਈ ਨਿਰਬਲ ਹਨ; ਕਈ ਰੋਗੀ ਹਨ; ਕਈ ਬ੍ਰਿਧ ਹਨ; ਕਈ ਛੋਟੇ ਹਨ; ਕਈ ਬੇਕਾਰ ਹਨ; ਕਈ ਨਿਥਾਵੇਂ ਹਨ

Digitized by Panjab Digital Library | www.panjabdigilib.org

ਤੇ ਕਈ ਨਿਆਸਰੇ ਹਨ। ਮੈਂ ਇਹ ਅਨੁਭਵ ਕੀਤਾ ਕਿ ਪ੍ਰਭੂ ਦੀ ਇਹ ਰਚਨਾ ਬਾਕੀ ਸਾਰੇ ਜੀਅ-ਜੰਤ ਵਿਚੋਂ ਸਭ ਤੋਂ ਵਧੀਕ ਦਿਲਚਸਪ ਹੈ। ਮੈਂ ਓਹਨਾਂ ਵਿਚੋਂ ਕਈ ਲੋਕ ਅਜੇਹੇ ਵੀ ਵੇਖੇ, ਜੋ ਅੰਗਹੀਣ ਹੁੰਦਿਆਂ ਹੋਇਆਂ ਵੀ ਵੱਡੇ ਸ਼ਰਾਰਤੀ ਸਨ। ਜੇ ਕੋਈ ਲੂਲ੍ਹਾ ਸੀ, ਤਾਂ ਉਹ ਪੈਰਾਂ ਨਾਲ ਚੋਰੀ ਕਰਨ ਦੇ ਜਤਨ ਵਿਚ ਸੀ। ਜੇ ਕਿਸੇ ਦੇ ਪੈਰ ਨਹੀਂ ਸਨ, ਤਾਂ ਉਹ ਰਿੜ੍ਹ ਕੇ ਹੀ ਕੁਕਰਮੀ ਦੇ ਅੱਡੇ ਤਕ ਪੁਜਣਾ ਚਾਹੁੰਦਾ ਸੀ। ਜੇ ਕਿਸੇ ਦੀਆਂ ਅੱਖਾਂ ਨਹੀਂ ਸਨ, ਤਾਂ ਉਹ ਕੰਨਾਂ ਨਾਲ ਹੀ ਕੁਕਰਮਾਂ ਵਿਚ ਰੁਝਣ ਦਾ ਜਤਨ ਕਰਦਾ ਸੀ, ਜਾਂ ਹੱਥਾਂ ਨਾਲ ਟੋਹ ਕੇ ਹੀ ਆਪਣੇ ਭੈੜੇ ਵਿਚਾਰਾਂ ਦੀ ਪੂਰਤੀ ਦੀ ਕੋਸ਼ਸ਼ ਕਰਦਾ ਸੀ। ਕਈ ਨਿਥਾਵੇਂ ਤੇ ਨਿਆਸਰੇ ਲੋਕਾਂ ਦੀ ਇਹ ਦਸ਼ਾ ਸੀ ਕਿ ਓਹਨਾਂ ਦੇ ਮੂੰਹਾਂ ਤੋਂ ਬਾਦਸ਼ਾਹਾਂ ਨਾਲੋਂ ਵੀ ਵਧੀਕ ਘੁਮੰਡ ਦੇ ਚਿੰਨ੍ਹ ਦਿਸਦੇ ਸਨ। ਕਈ ਨਿਰਧਨ ਮੈਂ ਅਜੇਹੇ ਵੇਖੇ ਕਿ ਓਹਨਾਂ ਨੂੰ ਆਪਣੀ ਇਸ ਕੰਗਾਲੀ ਦੀ ਦਸ਼ਾ ਵਿਚ ਵੀ ਦੂਜਿਆਂ ਨੂੰ ਢਾਹੁਣ ਦੇ ਫੁਰਨੇ ਫੁਰ ਰਹੇ ਸਨ। ਪਰ ਮੈਂ ਏਹਨਾਂ ਅੰਗ ਹੀਣ ਲੋਕਾਂ ਵਿਚੋਂ ਅਨੇਕਾਂ ਅਜੇਹੇ ਬੰਦੇ ਵੀ ਵੇਖੇ, ਜਿਨ੍ਹਾਂ ਦੇ ਦਿਲ ਪ੍ਰਭੂ ਦੀ ਸ਼ਰਧਾ-ਭਗਤੀ ਨਾਲ ਭਰਪੂਰ ਸਨ। ਓਹ ਨੇਤਰ ਹੀਣੇ ਤਾਂ ਸਨ, ਪਰ ਕਈ ਸੁਜਾਖਿਆਂ ਨਾਲੋਂ ਓਹਨਾਂ ਦੀ ਦਿਵ-ਦ੍ਰਿਸ਼ਟੀ ਤੇਜ਼ ਸੀ। ਓਹਨਾਂ ਦੇ ਕੰਨ ਤਾਂ ਨਹੀਂ ਸਨ, ਪਰ ਓਹਨਾਂ ਦੀ ਸੁਣਨ ਸ਼ਕਤੀ ਵੱਡੀ ਪ੍ਰਬਲ ਸੀ। ਓਹਨਾਂ ਦੇ ਹੱਥ ਤਾਂ ਨਹੀਂ ਸਨ, ਪਰ ਜਿਸ ਭਲਾਈ ਦਾ ਓਹ ਪੱਲੂ ਫੜਦੇ ਸਨ, ਫਿਰ ਉਸ ਨੂੰ ਛੱਡਣ ਦਾ ਨਾਂ ਨਹੀਂ ਲੈਂਦੇ ਸਨ। ਓਹਨਾਂ ਦੇ ਪੈਰ ਤਾਂ ਨਹੀਂ ਸਨ, ਪਰ ਓਹ ਸੁਮਾਰਗ ਵਲ ਇਸ ਤਰ੍ਹਾਂ ਨੱਸੇ ਜਾਂਦੇ ਸਨ ਜਿਵੇਂ ਕਿ ਘੋੜਾ ਸਰਪਟ ਦੌੜਦਾ ਹੈ। ਪਰ ਓਹਨਾਂ ਦੇ ਚੰਗੇ ਇਰਾਦਿਆਂ ਤੇ ਪ੍ਰਾਪਤ ਸਾਧਨਾਂ ਅਨੁਸਾਰ ਜਤਨ ਕਰਨ ਦੇ ਬਾਵਜੂਦ ਓਹ ਕਈ ਅਜੇਹੇ ਕਰਮ ਨਹੀਂ ਕਰ ਸਕਦੇ ਹਨ, ਜੋ ਤੰਦਰੁਸਤ ਤੇ ਬਲਵਾਨ ਪ੍ਰਾਣੀ ਕਰਨ ਤੇ ਸਮਰਥ ਹੁੰਦੇ ਹਨ। ਇਸ ਲਿਹਾਜ਼ ਨਾਲ ਓਹ ਕਈਆਂ ਦੇ ਵਿਚਾਰ ਮੂਜਬ ਨਿਕੰਮੇ ਤੇ ਨਗੂਣੇ ਸਨ। ਮੈਂ ਇਹ ਅਨੁਭਵ ਕੀਤਾ ਕਿ ਓਹਨਾਂ ਨੂੰ ਆਪਣੇ ਹੱਥਾਂ ਦੇ ਨਾ ਹੋਣ ਦਾ ਇਨਾ ਦੁਖ ਨਹੀਂ ਸੀ, ਜਿੰਨਾ ਕਿ ਇਸ ਦਾ ਸੀ ਕਿ ਓਹ ਓਹਨਾਂ ਸ਼ੁਭ ਕਰਮਾਂ ਤੇ ਸਮਰਥ ਨਹੀਂ ਹਨ, ਜੋ ਹੱਥਾਂ

Digitized by Panjab Digital Library | www.panjabdigilib.org

ਨਾਲ ਹੀ ਕੀਤੇ ਜਾ ਸਕਦੇ ਹਨ। ਓਹਨਾਂ ਨੂੰ ਆਪਣੇ ਨੇਤਰਹੀਣ ਹੋਣ ਦਾ ਇੰਨਾ ਸ਼ੋਕ ਨਹੀਂ ਸੀ, ਜਿੰਨਾ ਕਿ ਇਸ ਦਾ ਸੀ ਕਿ ਓਹ ਓਹਨਾਂ ਸ਼ੁਭ ਕਰਮਾਂ ਦੇ ਯੋਗ ਨਹੀਂ ਹਨ, ਜਿਨ੍ਹਾਂ ਵਿਚ ਨੇਤਰ ਕੰਮ ਆਉਂਦੇ ਹਨ। ਗੱਲ ਕੀ, ਹਰੇਕ ਉਸ ਕਮਜ਼ੋਰੀ ਦਾ, ਜੋ ਓਹਨਾਂ ਵਿਚ ਮੌਜੂਦ ਸੀ, ਓਹਨਾਂ ਨੂੰ ਇੰਨਾ ਅਫ਼ਸੋਸ ਨਹੀਂ ਸੀ, ਜਿੰਨਾ ਕਿ ਇਸ ਦਾ ਸੀ ਕਿ ਓਹ ਉਸ ਕਮਜ਼ੋਰੀ ਦੇ ਸਿੱਟੇ ਵਿਚ ਕਈ ਸ਼ੁਭ ਕਰਮ ਨਹੀਂ ਕਰ ਸਕਦੇ। ਇਹ ਦੁਖ ਓਹਨਾਂ ਨੂੰ ਅੰਦਰੋਂ ਹੀ ਅੰਦਰ ਖਾਈ ਜਾਂਦਾ ਸੀ। ਮੈਨੂੰ ਅਨੇਕਾਂ ਕਰੂਪੀਆਂ ਦੇ ਹੁੰਦਿਆਂ ਹੋਇਆਂ ਵੀ ਓਹ ਵੱਡੇ ਸੋਹਣੇ ਤੇ ਰੂਪਵਾਨ ਭਾਸਦੇ ਸਨ ਅਤੇ ਕਈ ਊਣਤਾਈਆਂ ਦੇ ਹੁੰਦਿਆ ਹੋਇਆਂ ਵੀ ਓਹ ਮੈਨੂੰ ਪੂਰਣ ਜਾਪਦੇ ਸਨ। ਮੈਂ ਜੋਸ਼ ਨਾਲ ਬੋਲ ਉਠਿਆ ਕਿ :—

> "ਇਹ ਪ੍ਰਭੂ ਦੀ ਅਤਿ ਸੋਹਣੀ ਰਚਨਾ ਹੈ। ਏਹਨਾਂ ਦੀਆਂ ਊਣਤਾਈਆਂ ਤੇ ਹਜ਼ਾਰਾਂ ਪੂਰਣਤਾਈਆਂ ਨਿਛਾਵਰ ਹਨ। ਇਹ ਲੋਕ ਸਿਧ ਕਰ ਰਹੇ ਹਨ ਕਿ ਜੇ ਪ੍ਰਭੂ ਮਿਹਰ ਕਰੇ, ਤਾਂ ਗੰਦ ਦੇ ਢੇਰ ਤੇ ਵੀ ਪਵਿੱਤਰ ਹਰਿਆਵਲ ਉਗ ਸਕਦੀ ਹੈ।"

ਮੈਂ ਇਹ ਵੇਖ ਕੇ ਚਕ੍ਰਿਤ ਹੋ ਗਿਆ ਕਿ ਇਕ ਟੋਲਾ ਮੇਰੇ ਨਾਲ ਇਸ ਬਾਰੇ ਵੀ ਮਤਿਭੇਤ ਕਰਨ ਤੇ ਤਿਆਰ ਹੋ ਗਿਆ। ਓਹਨਾਂ ਵਿਚੋਂ ਕਈਆਂ ਨੇ ਵੱਡੇ ਰੋਹ ਨਾਲ ਮੈਨੂੰ ਇਹ ਕਿਹਾ ਕਿ :—

> "ਅਜੇਹੇ ਨਾਪਾਕ, ਭ੍ਰਿਸ਼ਟ ਤੇ ਗੰਦੇ ਲੋਕਾਂ ਨੂੰ ਤੁਸੀਂ ਪ੍ਰਭੂ ਦੀ ਸੁੰਦਰ ਰਚਨਾ ਆਖ ਕੇ ਅਨਰਥ ਮਾਰ ਰਹੇ ਹੋ। ਏਹਨਾਂ ਤੋਂ ਤਾਂ ਸਦਾ ਅੱਡ ਰਹਿਣ ਦਾ ਹੁਕਮ ਹੈ। ਏਹਨਾਂ ਨਾਲ ਮਿਲ ਕੇ ਇਕ ਪੰਗਤ ਵਿਚ ਭੋਜਨ ਕਰਨਾ ਵੀ ਅਯੋਗ ਹੈ। ਇਹ ਤਾਂ ਅਛੂਤ ਹਨ। ਏਹਨਾਂ ਨੂੰ ਛੋਹਣਾ ਵੀ ਯੋਗ ਨਹੀਂ।"

ਇਕ ਹੋਰ ਟੋਲੀ ਬੋਲੀ ਕਿ :—

> "ਇਹ ਤਾਂ ਆਪਣੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਭੋਗ ਰਹੇ ਹਨ। ਇਹ ਪ੍ਰਭੂ ਦੇ ਪਿਆਰੇ ਕਿਵੇਂ ਹੋ ਗਏ ?"

Digitized by Panjab Digital Library | www.panjabdigilib.org

ਓਹਨਾਂ ਵਿਚੋਂ ਕਈਆਂ ਨੇ ਮੈਨੂੰ ਏਹਨਾਂ ਦੇ ਪਾਪ ਵੀ ਗਿਣ ਗਿਣ ਕੇ ਦੱਸੇ ਕਿ ਪਿਛਲੇ ਜਨਮ ਦੇ ਅਮਕੇ ਕੁਕਰਮ ਸਦਕਾ ਏਹ ਨੇਤਰ ਹੀਣ ਹੋ ਗਏ ਹਨ ਤੇ ਆਪਣੇ ਕੁਕਰਮ ਦੇ ਸਿੱਟੇ ਵਿਚ ਏਹਨਾਂ ਨੂੰ ਕੰਨ ਪ੍ਰਾਪਤ ਨਾ ਹੋ ਸਕੇ।

ਕਈਆਂ ਨੇ ਹਸ ਹਸ ਕੇ ਇਹ ਕਿਹਾ ਕਿ :—

"ਖ਼ੈਰ, ਇਹ ਤਾਂ ਮੂਰਖਾਂ ਦੀਆਂ ਗੱਲਾਂ ਹਨ। ਅਸਲ ਵਿਚ ਏਹਨਾਂ ਤੇ ਭੂਤ ਸਵਾਰ ਹਨ। ਸਾਡੇ ਇਸ਼ਟ ਦੇਵ ਏਹਨਾਂ ਭੂਤਾਂ ਨੂੰ ਕਢ ਦਿਆ ਕਰਦੇ ਸਨ। ਓਹਨਾਂ ਤੋਂ ਮਗਰੋਂ ਓਹਨਾਂ ਦੇ ਚੇਲੇ। ਪਰ ਹੁਣ ਅਜੇਹੇ ਲੋਕ ਸਾਡੇ ਵਿਚ ਨਹੀਂ ਹਨ।"

ਇਸ ਤੇ ਮੈਂ ਇਹ ਕਿਹਾ ਕਿ ਹੇ ਪ੍ਰਭੂ ! ਜਗ ਨੂੰ ਕੀ ਹੋ ਗਿਆ ਹੈ ? ਇਹ ਮਨ ਦੇ ਅੰਨ੍ਹੇ ਨੇਤਰ ਹੀਣਾਂ ਉਤੇ ਅਤੇ ਦਿਲ ਦੇ ਬੋਲੇ ਕੰਨੋਂ ਬੋਲਿਆਂ ਉੱਤੇ ਹਸ ਰਹੇ ਹਨ। ਇਹ ਕਰੂਪ ਤੇ ਕੁਲੱਛਣ ਲੋਕ ਏਹਨਾਂ ਅੰਗ ਹੀਣਾਂ ਦੀ ਸੁੰਦਰਤਾ ਨੂੰ ਨਹੀਂ ਜਾਣਦੇ, ਜਿਨ੍ਹਾਂ ਦੇ ਦਿਲ ਤੇਰੀ ਜੋਤਿ ਨਾਲ ਪ੍ਰਕਾਸ਼ਮਈ ਹਨ ਅਤੇ ਜਿਨ੍ਹਾਂ ਦੇ ਦਿਲ ਤੇਰੇ ਪ੍ਰੇਮ ਦੇ ਫੁਲਾਂ ਨਾਲ ਸੈਂਕੜੇ ਫੁਲਵਾੜੀਆਂ ਦਾ ਰੂਪ ਧਾਰਨ ਕਰ ਚੁਕੇ ਹਨ। ਮੈਂ ਇਹ ਕਿਵੇਂ ਮੰਨ ਲਵਾਂ ਕਿ ਤੂੰ ਵੀ ਇਕ ਬਨੀਏ ਵਾਂਗ ਹੀ ਇਹ ਵੇਖਦਾ ਹੈਂ ਕਿ ਕਿਸੇ ਦੀ ਥੈਲੀ ਵਿਚ ਕੀ ਹੈ ? ਤੇ ਇਹ ਨਹੀਂ ਵੇਖਦਾ ਕਿ ਉਸ ਦੇ ਦਿਲ ਵਿਚ ਕੀ ਹੈ ? ਮੇਰੇ ਏਹਨਾਂ ਵਿਚਾਰਾਂ ਨੂੰ ਫੇਰ ਉਸੇ ਘੁੰਡੀਆਂ ਖੁੱਲ੍ਹਣ ਤੇ ਸ਼ੰਕੇ ਨਵਿਰਤ ਕਰਨ ਵਾਲੀ ਸੁਰੀਲੀ ਆਵਾਜ਼ ਨੇ ਰੋਕ ਦਿੱਤਾ। ਉਹ ਵੱਡੀ ਬੇਪਰਵਾਹੀ ਨਾਲ ਉੱਚੀ ਹੋਈ — ਉਸ ਬੇਪਰਵਾਹੀ ਨਾਲ, ਜੋ ਕਿਸੇ ਪ੍ਰੀਤਮ ਨੂੰ ਵੀ ਕਦੇ ਨਸੀਬ ਨਹੀਂ ਹੋਈ ਹੋਵੇਗੀ, ਅਰਥਾਤ ਉਸ ਸ਼ਾਨ ਨਾਲ, ਜੋ ਕਿਸੇ ਪਾਤਸ਼ਾਹ ਨੂੰ ਸੁਪਨੇ ਵਿਚ ਵੀ ਪ੍ਰਾਪਤ ਨਹੀਂ ਹੋਵੇਗੀ। ਉਸ ਨੇ ਇਹ ਕਿਹਾ ਕਿ :—

"ਹੇ ਕਰਮ ਕਰਨ ਵਾਲਿਓ ! ਹੇ ਪ੍ਰਭੂ ਦੇ ਮਾਰਗ ਵਿਚ ਆਪਣਾ ਤਨ, ਮਨ ਨਿਛਾਵਰ ਕਰਨ ਵਾਲਿਓ ! ਤੁਸੀਂ ਇਹ ਵਿਚਾਰ

Digitized by Panjab Digital Library | www.panjabdigilib.org

ਕਦੇ ਨਾ ਕਰੋ ਕਿ ਪ੍ਰਭੂ ਦੇ ਹਜ਼ੂਰ ਤੁਸੀਂ ਹੀ ਪਰਵਾਨ ਹੋ। ਉਸ ਦੇ ਸਾਰੇ ਇਨਾਮਾਂ ਦੇ ਤੁਸੀਂ ਹੀ ਅਧਿਕਾਰੀ ਹੋ। ਚੇਤੇ ਰੱਖੋ ਕਿ ਤੁਹਾਡੇ ਕਈ ਭਰਾ-ਭਾਈ ਅਜੇਹੇ ਵੀ ਹਨ, ਜੋ ਵੇਖਣ ਨੂੰ ਏਹਨਾਂ ਕਰਮਾਂ ਦੇ ਮੈਦਾਨਾਂ ਵਿਚ ਪੂਰੇ ਨਹੀਂ ਉਤਰਦੇ, ਜਿਨ੍ਹਾਂ ਨੂੰ ਤੁਸੀਂ ਕਰ ਰਹੇ ਹੋ। ਅਰਥਾਤ ਓਹ ਓਹਨਾਂ ਔਖੀਆਂ ਘਾਟੀਆਂ ਵਿਚੋਂ ਨਹੀਂ ਲੰਘ ਸਕਦੇ, ਜਿਨ੍ਹਾਂ ਵਿਚੋਂ ਕਿ ਤੁਸੀਂ ਲੰਘ ਰਹੇ ਹੋ। ਪਰ ਫੇਰ ਵੀ ਓਹ ਤੁਹਾਡੇ ਨਾਲ ਹੀ ਹਨ। ਤੁਹਾਡੇ ਸੰਗੀ-ਸਾਥੀ ਹਨ। ਤੁਹਾਡੇ ਸਾਰੇ ਸ਼ੁਭ ਕਰਮਾਂ ਵਿਚ ਓਹ ਵੀ ਹਿੱਸੇਦਾਰ ਹਨ। ਓਹ ਵੀ ਪ੍ਰਭੂ ਦੇ ਉਸੇ ਤਰ੍ਹਾਂ ਹੀ ਨਿਕਟ-ਵਰਤੀ ਤੇ ਪਿਆਰੇ ਹਨ, ਜਿਸ ਤਰ੍ਹਾਂ ਕਿ ਤੁਸੀਂ ਹੋ।"

ਇਸ ਤੇ ਮੈਂ ਇਹ ਅਨੁਭਵ ਕੀਤਾ ਕਿ ਭਲੇ ਲੋਕਾਂ ਵਿਚ ਚੋਖੀ ਹਿਲਜੁਲ ਮਚ ਗਈ। ਸਾਰੇ ਹੀ ਆਪਣੇ ਆਪ ਬੋਲ ਪਏ ਕਿ :—

"ਕਿਉਂ ? ਅਜੇਹਾ ਕਿਵੇਂ ਹੋ ਸਕਦਾ ਹੈ ?"

ਉਸ ਪਵਿੱਤਰ ਆਵਾਜ਼ ਨੇ ਵੱਡੇ ਧੀਰਜ ਨਾਲ ਇਹ ਉੱਤਰ ਦਿੱਤਾ ਕਿ ਇਹ ਇਸ ਲਈ ਕਿ :—

"ਭਾਵੇਂ ਓਹਨਾਂ ਦੇ ਹੱਥ-ਪੈਰ ਪ੍ਰਭੂ ਦੇ ਪੈਦਾ ਕੀਤੇ ਉਜ਼ਰਾਂ ਸਦਕਾ ਓਹਨਾਂ ਨੂੰ ਤੁਹਾਡੇ ਨਾਲ ਰਲਣ ਦੀ ਆਗਿਆ ਨਹੀਂ ਦਿੰਦੇ। ਪਰ ਓਹਨਾਂ ਦੇ ਦਿਲ ਤੁਹਾਡੇ ਨਾਲ ਹੀ ਹਨ। ਜਦ ਤੁਸੀਂ ਸ਼ੁਭ ਕਰਮਾਂ ਦੇ ਸੁਆਦ ਮਾਣ ਰਹੇ ਹੁੰਦੇ ਹੋ, ਤਾਂ ਓਹ ਚਿੰਤਾ ਤੇ ਮਹਿਰੂਮੀ ਦੇ ਤਲਖ਼ ਪਿਆਲੇ ਪੀ ਰਹੇ ਹੁੰਦੇ ਹਨ। ਬੇਸ਼ਕ ਇਹ ਜਾਮ ਅੱਡ ਅੱਡਰੇ ਹਨ। ਸ਼ਰਾਬ ਵੱਖੋ ਵੱਖਰੀ ਹੈ। ਪਰ ਮਸਤੀ ਵਿਚ ਕੋਈ ਫ਼ਰਕ ਨਹੀਂ। ਸਿੱਟਾ ਇੱਕੋ ਹੀ ਹੈ। ਤੁਸੀਂ ਜਿਸ ਅਸਥਾਨ ਤੇ ਆਪਣੇ ਪੈਰਾਂ ਨਾਲ ਤੁਰ ਕੇ ਜਾਂਦੇ ਹੋ, ਉੱਥੇ ਓਹ ਆਪਣੇ ਦਿਲਾਂ ਦੇ ਪੈਰਾਂ ਨਾਲ ਉੱਡ ਕੇ ਜਾ ਪੁਜਦੇ ਹਨ। ਓਹਨਾਂ ਨੂੰ ਗੰਦੇ, ਨਾਪਾਕ ਜਾਂ ਭ੍ਰਿਸ਼ਟ ਨਾ ਆਖੋ। ਜਿਹੜੇ ਓਹਨਾਂ ਵਿਚੋਂ ਭਲੇ ਪੁਰਖ ਹਨ, ਓਹ ਪਵਿੱਤਰਤਾ

Digitized by Panjab Digital Library | www.panjabdigilib.org

ਤੇ ਸ਼ੁਧਤਾ ਵਿਚ ਤੁਹਾਡੇ ਨਾਲੋਂ ਕਿਸੇ ਗੱਲੇ ਘੱਟ ਨਹੀਂ ਹਨ।"

ਇਹ ਸੁਣ ਕੇ ਮੈਨੂੰ ਆਪਾ ਭੁੱਲ ਗਿਆ। ਮੇਰਾ ਦਿਲ ਪ੍ਰਸੰਨਤਾ ਨਾਲ ਨੱਚਣ ਲਗ ਪਿਆ। ਮੈਂ ਵੱਡੇ ਵਲਵਲੇ ਨਾਲ ਇਹ ਕਿਹਾ ਕਿ :—

"ਹੇ ਰੱਬ ਦੇ ਰਸੂਲ ਜੀਉ ! ਏਹੋ ਹੀ ਸੱਚ ਹੈ।"

ਇਨਸਾਫ਼ ਇਸੇ ਦਾ ਹੀ ਨਾਂ ਹੈ। ਨਿਆਂਇ ਇਸੇ ਨੂੰ ਹੀ ਕਹਿੰਦੇ ਹਨ। ਮੇਰੇ ਦਿਲ ਤੋਂ ਫੇਰ ਇਕ ਆਹ ਨਿਕਲੀ ਤੇ ਮੈਂ ਇਹ ਕਿਹਾ ਕਿ ਬਲਵਾਨਾਂ ਦੇ ਸੰਗੀ-ਸਾਥੀ ਤੇ ਮਿੱਤਰ ਤਾਂ ਸਾਰੇ ਹੀ ਹੁੰਦੇ ਹਨ, ਪਰ ਇਹ ਆਵਾਜ਼ ਤਾਂ ਅੰਗ ਹੀਣਾਂ ਤੇ ਨਿਰਬਲਾਂ ਲਈ ਵੀ ਇਕ ਰਹਿਮਤ ਹੀ ਸਿਧ ਹੋਈ ਹੈ।

ਆਉਣ ਵਾਲੀਆਂ ਨਸਲਾਂ ਲਈ ਰਹਿਮਤ

ਮੈਂ ਕਿੱਥੇ ਕਿੱਥੇ ਤੁਹਾਨੂੰ ਆਪਣੇ ਨਾਲ ਨਾਲ ਲਈ ਫਿਰਾਂ। ਮੈਂ ਇਸ ਖਿਆਲੀ ਜਗਤ ਵਿਚ ਹੋਰ ਕਈ ਥਾਵਾਂ ਦੀ ਸੈਰ ਵੀ ਕੀਤੀ ਹੈ। ਜੇ ਮੈਂ ਉਸ ਦਾ ਵਿਸਥਾਰ ਪੂਰਬਕ ਵਰਣਨ ਕਰਾਂ, ਤਾਂ ਇਹ ਲੇਖ ਵੱਡਾ ਲੰਮਾ ਹੋ ਜਾਏਗਾ; ਇਸ ਲਈ ਮੈਂ ਹੁਣ ਕੇਵਲ ਇਕ ਹੋਰ ਦ੍ਰਿਸ਼ ਵਰਣਨ ਕਰਕੇ ਆਪਣੇ ਇਸ ਲੇਖ ਦਾ ਭੋਗ ਪਾਉਂਦਾ ਹਾਂ। ਮੇਰੇ ਦਿਲ ਵਿਚ ਇਹ ਖਿਆਲ ਆਇਆ ਕਿ ਇਹ ਆਵਾਜ਼ ਭੂਤਕਾਲ ਲਈ ਵੀ ਰਹਿਮਤ ਸਿਧ ਹੋਈ ਹੈ ਤੇ ਵਰਤਮਾਨ ਕਾਲ ਲਈ ਵੀ ਇਸ ਦਾ ਰਹਿਮਤ ਹੋਣਾ ਸਿਧ ਹੈ। ਪਰ ਇਸ ਦਾ ਵਰਤਾਉ ਭਵਿੱਖਤ ਕਾਲ ਨਾਲ ਕੇਹੋ ਜੇਹਾ ਹੈ ? ਮੈਂ ਇਹ ਸੋਚਿਆ ਕਿ ਆਉਣ ਵਾਲੀਆਂ ਨਸਲਾਂ ਲੋਕਾਂ ਨੂੰ ਆਪਣੇ ਆਪ ਤੋਂ ਘੱਟ ਪਿਆਰੀਆਂ ਨਹੀਂ ਹੁੰਦੀਆਂ। ਕਈ ਵਾਰ ਮਾਪੇ ਆਪਣੀ ਸੰਤਾਨ ਦੇ ਬਚਾਉ ਤੇ ਰਾਖੀ ਲਈ ਮਰ-ਮਿਟਣ ਨੂੰ ਵੀ ਤਿਆਰ ਹੋ

Digitized by Panjab Digital Library | www.panjabdigilib.org

ਜਾਇਆ ਕਰਦੇ ਹਨ; ਸਗੋਂ ਸੱਚ ਪੁੱਛੋ ਤਾਂ ਓਹ ਹਰ ਰੋਜ਼ ਆਪਣੀ ਸੰਤਾਨ ਵਾਸਤੇ ਆਪਣੇ ਆਪ ਨੂੰ ਮੌਤ ਦੇ ਮੂੰਹ ਵਿਚ ਦੇਣੋਂ ਵੀ ਸੰਕੋਚ ਨਹੀਂ ਕਰਦੇ। ਬਸ, ਜੇ ਭਵਿੱਖਤ ਕਾਲ ਅੰਨ੍ਹੇਰਾ ਦਿਸੇ, ਤਾਂ ਭੂਤਕਾਲ ਤੇ ਵਰਤਮਾਨ ਕਾਲ ਕਿਸੇ ਨੂੰ ਕਿਵੇਂ ਧੀਰਜ ਦੇ ਸਕਦੇ ਹਨ ? ਅਰਥਾਤ ਜਦ ਆਉਣ ਵਾਲੀਆਂ ਨਸਲਾਂ ਨੂੰ ਸਫਲਤਾ ਤੇ ਕਾਮਜਾਬੀ ਦੇ ਮਾਰਗ ਤੇ ਚੱਲਣ ਲਈ ਰੋਕ ਦਿੱਤਾ ਜਾਏ, ਤਾਂ ਧੀਰਜ ਕੇਹਾ ।

ਮੈਂ ਇਹ ਸੋਚਿਆ ਕਿ ਇਉਂ ਨਹੀਂ ਹੋ ਸਕਦਾ। ਇਹ ਤਾਂ ਮਨੁੱਖੀ ਸੁਭਾਉ ਦੇ ਉੱਕਾ ਹੀ ਉਲਟ ਹੈ । ਕੋਈ ਵੀ ਪ੍ਰਾਣੀ ਆਪਣੀਆਂ ਆਉਣ ਵਾਲੀਆਂ ਨਸਲਾਂ ਦੀ ਤਬਾਹੀ ਤੇ ਰਾਜ਼ੀ ਨਹੀਂ ਹੋ ਸਕਦਾ; ਇਸ ਲਈ ਭਵਿੱਖਤ ਕਾਲ ਬਾਰੇ ਤਾਂ ਸਾਰੇ ਧਰਮ ਜ਼ਰੂਰ ਹੀ ਰਹਿਮਤ ਹੋਣਗੇ ਅਤੇ ਇਸ ਗੱਲ ਵਿਚ ਕਿਸੇ ਨੂੰ ਵੀ ਇਸ ਪਵਿੱਤਰ ਤੇ ਮਹਾਨ ਆਤਮਾ ਨਾਲ ਕੋਈ ਮਤਿਭੇਦ ਨਹੀਂ ਹੋਵੇਗਾ, ਜੋ ਦੂਜੀਆਂ ਗੱਲਾਂ ਵਿਚ ਓਹਨਾ ਨਾਲ ਅਨੇਕਾਂ ਮਤਿਭੇਦ ਕਰਦਾ ਰਿਹਾ ਹੈ ਤੇ ਓਹਨਾਂ ਨੂੰ ਸੱਚੇ ਸਿਧਾਂਤ ਤੇ ਠੀਕ ਕਰਤਵ ਦਸਦਾ ਰਿਹਾ ਹੈ। ਇਸ ਤੇ ਮੈਂ ਖਿਆਲੀ ਜਗਤ ਵਿਚ ਹੀ ਹਿੰਦੂਆਂ ਦੇ ਮਹਾਂ ਪੁਰਖਾਂ ਤੋਂ ਇਹ ਪੁੱਛ ਕੀਤੀ ਕਿ ਆਉਣ ਵਾਲੀਆਂ ਨਸਲਾਂ ਬਾਰੇ ਆਪ ਦੇ ਕੀ ਵਿਚਾਰ ਹਨ ? ਓਹਨਾਂ ਨੇ ਮੇਰੀ ਇਸ ਪੁੱਛ ਦਾ ਇਹ ਉੱਤਰ ਦਿੱਤਾ ਕਿ : —

> "ਵੇਦ ਹੀ ਪਹਿਲਾ ਤੇ ਅੰਤਲਾ ਈਸ਼ਵਰੀ ਗਿਆਨ ਹਨ। ਏਹਨਾਂ ਤੋਂ ਮਗਰੋਂ ਕੋਈ ਹੋਰ ਈਸ਼ਵਰੀ ਗਿਆਨ ਪਰਗਟ ਨਹੀਂ ਹੋ ਸ਼ਕਦਾ।"

ਮੈਂ ਇਹ ਕਿਹਾ ਕਿ ਮੈਂ ਧਰਮ ਪੁਸਤਕਾਂ ਬਾਰੇ ਕੋਈ ਪੁੱਛ ਨਹੀਂ ਕੀਤੀ। ਮੈਂ ਤਾਂ ਇਹ ਪੁਛਣਾ ਚਾਹੁੰਦਾ ਹਾਂ ਕਿ :—

ਜੋ ਕੁਝ ਪਹਿਲੇ ਲੋਕਾਂ ਨੇ ਵੇਖਿਆ ਤੇ ਪ੍ਰਾਪਤ ਕੀਤਾ ਹੈ, ਕੀ ਆਉਣ ਵਾਲੀਆਂ ਨਸਲਾਂ ਲਈ ਵੀ ਉਸ ਦੇ ਵੇਖਣ ਤੇ ਪ੍ਰਾਪਤ ਕਰਨ ਦੀ ਕੋਈ ਸੰਭਾਵਨਾ ਹੋ ਸਕਦੀ ਹੈ ? ਵੇਦ ਮੁੜ ਬੇਸ਼ੱਕ ਨਾ ਉਤਰਣ, ਪਰ ਵੇਦਾਂ ਨੇ ਜੋ ਚਮਤਕਾਰ

Digitized by Panjab Digital Library | www.panjabdigilib.org

ਪਹਿਲਾਂ ਲੋਕਾਂ ਨੂੰ ਦੱਸੇ ਸਨ, ਕੀ ਉਹੋ ਜੇਹੇ ਚਮਤਕਾਰ ਮੁੜ ਵੀ ਜਗ ਦੇ ਲੋਕ ਵੇਖ ਕੇ ਆਪਣੀ ਸ਼ਰਧਾ ਦ੍ਰਿੜ੍ਹ ਕਰ ਸਕਦੇ ਹਨ ?

ਓਹਨਾਂ ਨੇ ਇਹ ਆਖਿਆ ਕਿ :—

"ਸ਼ੋਕ, ਅਜੇਹਾ ਨਹੀਂ ਹੋ ਸਕਦਾ। ਵੇਦਾਂ ਵਾਲਾ ਸਮਾਂ ਹੁਣ ਲੋਕਾਂ ਨੂੰ ਮੁੜ ਕਿਵੇਂ ਪ੍ਰਾਪਤ ਹੋ ਸਕਦਾ ਹੈ ?"

ਇਸ ਤੇ ਮੈਂ ਬੁਧਾਂ ਤੋਂ ਪੁੱਛ ਕੀਤੀ। ਓਹਨਾਂ ਨੇ ਵੀ ਕੋਈ ਅਜੇਹੀ ਆਸ ਨਾ ਬੰਨ੍ਹਾਈ। ਜ਼ਰਦਸਤੀਆਂ ਨੇ ਵੀ ਇਸ ਪੁਰਾਣੇ ਚੰਗੇ ਸਮੇਂ ਦਾ ਕੋਈ ਬਚਨ ਆਪਣੀਆਂ ਸੰਤਾਨਾਂ ਨੂੰ ਨਾ ਦਿੱਤਾ। ਯਹੂਦੀਆਂ ਨੇ ਇਹ ਕਿਹਾ ਕਿ :—

"ਹਜ਼ਰਤ ਜ਼ਿਕਰੀਆ ਜੀ ਤਕ ਤਾਂ ਪ੍ਰਭੂ ਦਾ ਕਲਾਮ ਲੋਕਾਂ ਤੇ ਉਤਰਦਾ ਰਿਹਾ ਹੈ ਤੇ ਉਸ ਦੇ ਚਮਤਕਾਰ ਲੋਕਾਂ ਨੂੰ ਸ਼ਰਧਾ ਭਗਤੀ ਵਿਚ ਦ੍ਰਿੜ੍ਹ ਕਰਦੇ ਰਹੇ। ਪਰ ਹੁਣ ਅਜੇਹਾ ਨਹੀਂ ਹੋ ਸਕਦਾ।"

ਈਸਾਈਆਂ ਨੇ ਇਹ ਦੱਸਿਆ ਕਿ :—

"ਮਸੀਹ ਦੇ ਹਵਾਰੀਆਂ ਦੇ ਸਮੇਂ ਤਕ "ਰੂਹੁੱਲ ਕੁੱਦਸ" ਉਤਰਦਾ ਰਿਹਾ ਹੈ। ਪਰ ਹੁਣ ਉਸ ਨੇ ਇਸ ਦਾ ਤਿਆਗ ਕਰ ਦਿੱਤਾ ਹੈ।"

ਮੈਂ ਓਹਨਾਂ ਤੋਂ ਇਹ ਪੁੱਛਿਆ ਕਿ ਕੀ ਆਉਣ ਵਾਲੀਆਂ ਨਸਲਾਂ ਇਸ ਤੋਂ ਉੱਕੀਆਂ ਹੀ ਸਖਣੀਆਂ ਰਹਿਣਗੀਆਂ ? ਕੀ ਹੁਣ ਓਹਨਾਂ ਦੀ ਸ਼ਰਧਾ ਭਗਤੀ ਨੂੰ ਦ੍ਰਿੜ੍ਹ ਕਰਨ ਦੀ ਕੋਈ ਵਿਉਂਤ ਨਹੀਂ ਹੋਵੇਗੀ ?

ਓਹਨਾਂ ਨੇ ਇਨਾ ਹੀ ਉੱਤਰ ਦਿੱਤਾ ਕਿ :—

"ਸ਼ੋਕ, ਇਸ ਰੰਗ ਵਿਚ ਹੁਣ ਕੁਝ ਵੀ ਨਹੀਂ ਹੋ ਸਕਦਾ।"

ਮੈਂ ਵੱਡਾ ਹੈਰਾਨ ਸੀ ਕਿ ਕਿਸ ਤਰ੍ਹਾਂ ਇਹ ਲੋਕ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਮਹਿਰੂਮ ਕਰਨ ਤੇ ਸੰਤੁਸ਼ਟ ਹੋ ਗਏ ਹਨ ? ਕਿਉਂ ਏਹਨਾਂ ਨੇ ਪ੍ਰਭੂ ਦੇ ਹਜ਼ੂਰ ਇਹ ਢਾਹਾਂ ਨਾ ਮਾਰੀਆਂ ਕਿ ਹੇ ਪ੍ਰਭੂ ਜੇ ਤੂੰ ਸਾਨੂੰ ਸੰਤਾਨ ਦਾ

Digitized by Panjab Digital Library | www.panjabdigilib.org

ਮੋਹ ਦਿੱਤਾ ਹੈ, ਤਾਂ ਓਹਨਾਂ ਦੀ ਉੱਨਤੀ ਦੇ ਸਾਧਨਾਂ ਦੇ ਬਚਨ ਵੀ ਪੂਰੇ ਕਰ ।"

ਮੈਂ ਇਹ ਵੇਖਿਆ ਕਿ ਓਹਨਾਂ ਲੋਕਾਂ ਨੂੰ ਕੋਈ ਹਿੱਸ ਹੀ ਨਹੀਂ ਸੀ। ਓਹ ਇਸ ਤੇ ਵੱਡੇ ਖੁਸ਼ ਹੋ ਰਹੇ ਸਨ। ਜਾਣੋ, ਓਹਨਾਂ ਦੇ ਵਿਚਾਰ ਅਨੁਸਾਰ ਪ੍ਰਭੂ ਦੀ ਅਕਾਸ਼ ਬਾਣੀ ਕੋਈ ਬਿਪਤਾ ਸੀ, ਜਿਸ ਤੋਂ ਓਹਨਾਂ ਦੀ ਸੰਤਾਨ ਨੂੰ ਛੁਟਕਾਰਾ ਮਿਲ ਗਿਆ ਹੈ। ਮੈਂ ਵੱਡਾ ਚਿੰਤਾਤੁਰ ਹੋ ਕੇ ਓਹਨਾਂ ਲੋਕਾਂ ਵਲੋਂ ਹਟਿਆ ਤੇ ਇਹ ਸੋਚਣ ਲੱਗਾ ਕਿ ਓਹ ਜੋਤਿ ਵੀ ਕੀ ਹੈ, ਜਿਸ ਦਾ ਪ੍ਰਕਾਸ਼ ਹੀ ਬੰਦ ਹੋ ਜਾਏ, ਅਰਥਾਤ ਉਹ ਪ੍ਰਭੂ ਹੀ ਕੀ ਹੈ, ਜਿਸ ਦੇ ਦਰਸ਼ਨ ਦੀਦਾਰ ਭੂਤਕਾਲ ਦੇ ਸਮੇਂ ਨਾਲ ਹੀ ਸੰਬੰਧਤ ਹੋਣ। ਮੈਂ ਏਹਨਾਂ ਸੋਚਾਂ ਵਿਚ ਹੀ ਗਲਤਾਨ ਸੀ ਕਿ ਮੈਂ ਮੁੜ ਉਸੇ ਪਿਆਰੀ ਤੇ ਸੁਰੀਲੀ ਆਵਾਜ਼ ਨੂੰ ਉੱਚਾ ਹੁੰਦਿਆਂ ਸੁਣਿਆ। ਉਹ ਇਹ ਕਹਿ ਰਹੀ ਸੀ ਕਿ :—

"ਜੋ ਇਨਾਮ ਅਸੀਂ ਪ੍ਰਾਪਤ ਕੀਤਾ ਹੈ, ਉਸ ਨੂੰ ਅਸੀਂ ਆਪਣੇ ਆਪ ਤਕ ਹੀ ਸੀਮਿਤ ਨਹੀਂ ਕੀਤਾ; ਸਗੋਂ ਅੱਗੇ ਵਾਸਤੇ ਸਾਰੀ ਮਨੁੱਖ ਜਾਤੀ ਵਿਚ ਵੰਡ ਦਿੱਤਾ ਹੈ। ਪ੍ਰਭੂ ਦੇ ਇਨਾਮ ਭਵਿੱਖਤ ਕਾਲ ਨਾਲ ਹੀ ਸੰਬੰਧਤ ਨਹੀਂ ਹਨ। ਉਹ ਜਿਸ ਤਰ੍ਹਾਂ ਭੂਤਕਾਲ ਵਿਚ ਸਾਜਨਹਾਰ ਤੇ ਪਾਲਨਹਾਰ ਸੀ, ਉਸੇ ਤਰ੍ਹਾਂ ਹੀ ਭਵਿੱਖਤ ਕਾਲ ਦਾ ਵੀ ਸਾਜਨਹਾਰ ਤੇ ਪਾਲਨਹਾਰ ਹੈ। ਜੇਹੜਾ ਵੀ ਪ੍ਰਾਣੀ ਸੱਚੇ ਦਿਲੋਂ ਉਸ ਦੇ ਲੜ ਲੱਗੇਗਾ ਉਹ ਅਕਾਸ਼ ਬਾਣੀ ਨਾਲ ਨਿਵਾਜਿਆ ਜਾਏਗਾ ਤੇ ਉਸ ਦੇ ਚਮਤਕਾਰ ਵੀ ਉਸ ਦੇ ਵਾਸਤੇ ਪਰਗਟ ਹੋਣਗੇ। ਉਸ ਦਾ ਪ੍ਰੇਮ ਕਿਸੇ ਦੇਸ਼-ਕਾਲ ਦੀਆਂ ਸੀਮਾ ਤਕ ਹੀ ਸੀਮਿਤ ਨਹੀਂ ਕਿ ਉਹ ਉਸ ਦੇ ਬੀਤ ਚੁਕੇ ਲੋਕਾਂ ਵਿਚ ਵੰਡ ਦੁੱਕਾ ਹੈ। ਉਹ ਅਗਮ ਤੇ ਅਗੋਚਰ ਹੈ। ਹਰੇਕ ਸਮੇਂ ਦੇ ਲੋਕ ਆਪਣੇ ਵਿਤ ਅਨੁਸਾਰ ਉਸ ਤੋਂ ਆਪਣਾ ਹਿੱਸਾ ਪ੍ਰਾਪਤ ਕਰ ਸਕਦੇ ਹਨ। ਹਰੇਕ ਪ੍ਰਾਣੀ ਜੋ ਸੱਚੇ ਦਿਲ ਨਾਲ ਇਹ ਆਖੇਗਾ ਕਿ ਅੱਲਾਹ ਹੀ ਉਸ ਦਾ ਸਾਜਨਹਾਰ ਤੇ ਪਾਲਨਹਾਰ ਹੈ ਤੇ ਮੁੜ ਇਸ ਤੇ ਦ੍ਰਿੜ੍ਹ ਰਹੇਗਾ ਤੇ ਡੋਲੇਗਾ ਨਹੀਂ, ਤਾਂ

Digitized by Panjab Digital Library | www.panjabdigilib.org

ਪ੍ਰਭੂ ਦੇ ਫ਼ਰਿਸ਼ਤੇ ਉਸ ਤੇ ਉਤਰਨਗੇ ਤੇ ਉਸ ਦੇ ਪ੍ਰਭੂ ਦਾ ਸੁਨੇਹਾ ਉਸ ਤਕ ਪੁਚਾਉਣਗੇ। ਉਸ ਦੀਆਂ ਪਿਆਰੀਆਂ ਤੇ ਰਸੀਲੀਆਂ ਗੱਲਾਂ ਉਸ ਨੂੰ ਸੁਣਾਉਣਗੇ। ਦੁਖਾਂ, ਕਲੇਸ਼ਾਂ ਤੇ ਕਸ਼ਟਾਂ ਸਮੇਂ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਉਸ ਦਾ ਸਾਥ ਦੇਣਗੇ ਅਤੇ ਇਹ ਖੁਸ਼ੀ ਭਰੀ ਖਬਰ ਦੇਣਗੇ ਕਿ ਅੱਲਾਹ ਤੁਹਾਡੇ ਅੰਗ-ਸੰਗ ਹੈ ਤੇ ਤੁਹਾਡਾ ਮਦਦਗਾਰ ਹੈ। ਤੁਸੀਂ ਕੋਈ ਸਹਿਮ ਨਾ ਕਰੋ ਤੇ ਨਾ ਹੀ ਚਿੰਤਾਤੁਰ ਹੋਵੋ। ਪ੍ਰਭੂ ਦੀ ਅਕਾਸ਼ ਬਾਣੀ ਦਾ ਬੂਹਾ ਓਹਨਾਂ ਲੋਕਾਂ ਲਈ ਸਦਾ ਖੁਲ੍ਹਾ ਰਹੇਗਾ। ਓਹਨਾਂ ਦੀ ਸ਼ਰਧਾ ਭਗਤੀ ਨੂੰ ਰਦ ਨਹੀਂ ਕੀਤਾ ਜਾਏਗਾ; ਸਗੋਂ ਪਰਵਾਨਗੀ ਦਿੱਤੀ ਜਾਏਗੀ। ਉਹ ਸਾਰੀਆਂ ਪਦਵੀਆਂ ਤੇ ਦਰਜੇ ਜੋ ਬੀਤ ਚੁੱਕੇ ਲੋਕਾਂ ਨੂੰ ਮਿਲੇ ਹਨ, ਓਹਨਾਂ ਨੂੰ ਵੀ ਪ੍ਰਾਪਤ ਹੋ ਸਕਦੇ ਹਨ।''

ਇਹ ਖੁਸ਼ਖਬਰੀਆਂ ਸੁਣ ਕੇ ਮੇਰੇ ਮੂੰਹੋਂ ਆਪਣੇ ਆਪ ''ਅੱਲਾਹੂ ਅਕਬਰ'' ਨਿਕਲ ਗਿਆ। ਮੈਂ ਇਹ ਕਿਹਾ ਕਿ ਇਹ ਆਵਾਜ਼ ਤਾਂ ਆਉਣ ਵਾਲੀਆਂ ਨਸਲਾਂ ਲਈ ਵੀ ਰਹਿਮਤ ਹੀ ਸਿਧ ਹੋਈ ਹੈ। ਜੇ ਆਉਣ ਵਾਲੇ ਲੋਕਾਂ ਲਈ ਅਰਸ਼ੀ ਇਨਾਮਾਂ ਦਾ ਬੂਹਾ ਬੰਦ ਹੋ ਜਾਂਦਾ, ਤਾਂ ਸਾਰੇ ਪ੍ਰੇਮੀ ਜੀਉਂਦੇ ਹੀ ਮਰ ਜਾਂਦੇ। ਜਿਨ੍ਹਾਂ ਦੇ ਹਿਰਦਿਆਂ ਵਿਚ ਪ੍ਰਭੂ-ਪ੍ਰੇਮ ਦੀ ਚੰਗਿਆੜੀ ਧੁਖ ਰਹੀ ਹੈ, ਓਹਨਾਂ ਨੂੰ ਸਵਰਗ ਵੀ ਇਸੇ ਲਈ ਚੰਗਾ ਲਗਦਾ ਹੈ ਕਿ ਉੱਥੇ ਅਨਾਦੀ ਪ੍ਰੀਤਮ ਦਾ ਨਿਕਟ ਵਰਤੀ ਬਣਨ ਦਾ ਸਮਾਂ ਮਿਲੇਗਾ। ਨਹੀਂ ਤਾਂ, ਸਵਰਗ ਦੇ ਫਲ — ਅਨਾਰ ਤੇ ਅੰਗੂਰ ਆਦਿ — ਓਹਨਾਂ ਲਈ ਆਪਣੇ ਵਿਚ ਕੋਈ ਖਿੱਚ ਨਹੀਂ ਰਖਦੇ। ਜੇ ਓਹਨਾਂ ਨੂੰ ਪ੍ਰਭੂ ਦਾ ਨਿਕਟ ਵਰਤੀ ਬਣਨ ਤੋਂ ਹੀ ਰੋਕ ਦਿੱਤਾ ਜਾਣਾ ਸੀ, ਜਿਹਾ ਕਿ ਦੂਜੀਆਂ ਸਾਰੀਆਂ ਜਾਤੀਆਂ ਦਾ ਵਿਚਾਰ ਹੈ, ਤਾਂ ਓਹਨਾਂ ਲਈ ਪੈਦਾ ਹੋਣਾ ਜਾਂ ਨਾ ਹੋਣਾ ਇਕ ਸਮਾਨ ਸੀ। ਸੋ ਧੰਨ ਹੈ, ਉਹ ਮਹਾਂ ਪੁਰਖ, ਜਿਸ ਨੇ ਆਉਣ ਵਾਲੀਆਂ ਨਸਲਾਂ ਨੂੰ ਵੀ ਨਿਰਾਸ ਨਹੀਂ ਕੀਤਾ; ਅਰਥਾਤ ਪ੍ਰੇਮੀਆਂ ਨੂੰ ਆਪਣੇ ਪ੍ਰੀਤਮ-ਪਿਆਰੇ ਦੇ ਮਿਲਾਪ ਦੀ ਖੁਸ਼ੀ ਭਰੀ

Digitized by Panjab Digital Library | www.panjabdigilib.org

ਖਬਰ ਸੁਣਾ ਕੇ ਸਦਾ ਲਈ ਆਪਣਾ ਰਿਣੀ ਬਣਾ ਲਿਆ ਹੈ । ਪਰ ਹੁਣ ਤਾਂ ਮੇਰੇ ਦਿਲ ਵਿਚੋਂ ਇਕ ਬਹੁਤ ਹੀ ਦਰਦ ਭਰੀ ਆਹ ਨਿਕਲੀ, ਤੇ ਮੈਂ ਇਹ ਕਿਹਾ ਕਿ ਕੀ ਏਹਨਾਂ ਤੇਰਾਂ ਸਦੀਆਂ ਦੀ ਵਿਥ ਲਈ — ਜਿਨ੍ਹਾਂ ਨੂੰ ਭੂਤਕਾਲ ਦੀ ਮੁਹਰ ਨੇ ਉੱਕਾ ਹੀ ਵਸ ਤੋਂ ਬਾਹਰ ਕੀਤਾ ਹੋਇਆ ਹੈ — ਤੈ ਕਰਨ ਦਾ ਕੋਈ ਰਾਹ ਨਹੀਂ ? ਕੀ ਮੇਰੇ ਤੇ ਮੇਰੇ ਇਸ ਪ੍ਰੀਤਮ ਪਿਆਰੇ ਵਿਚਾਲੇ ਅਜੇਹੀ ਕੰਧ ਉਸਰੀ ਹੋਈ ਹੈ, ਜਿਸ ਨੂੰ ਤੋੜਨਾ ਉੱਕਾ ਹੀ ਅਸੰਭਵ ਹੈ ? ਕੀ ਇਸ ਨਿਰਾਸਤਾ ਦੇ ਅੰਧਕਾਰ ਨੂੰ ਆਸ ਦੀ ਕੋਈ ਵੀ ਕਿਰਣ ਚੂਰ ਨਹੀਂ ਕਰ ਸਕਦੀ ?

ਮੈਂ ਵੱਡਾ ਬੇਚੈਨ ਸੀ ਕਿ ਮੁੜ ਮੈਨੂੰ ਉਹੋ ਆਵਾਜ਼ ਸੁਣਾਈ ਦਿੱਤੀ। ਉਹ ਮੇਰੇ ਇੰਨੇ ਨੇੜੇ ਸੀ ਕਿ ਉਸ ਦੇ ਨੇੜੇ ਹੋਣ ਦਾ ਅਨੁਮਾਨ ਲਾਉਣਾ ਵੀ ਅਸੰਭਵ ਹੈ; ਕਿਉਂਕਿ ਉਹ ਮੇਰੀ ਸ਼ਾਹਰਗ ਨਾਲੋਂ ਵੀ ਵਧੇਰੇ ਨੇੜੇ ਸੀ। ਉਸ ਨੇ ਮੈਨੂੰ ਧੀਰਜ ਦਿੰਦੇ ਹੋਇਆਂ ਇਹ ਕਿਹਾ ਕਿ :—

> "ਤੂੰ ਕੋਈ ਚਿੰਤਾ ਨਾ ਕਰ। ਮੇਰੇ ਵਲ ਧਿਆਨ ਦੇ। ਜੋ ਚੀਜ਼ ਤੇਰੇ ਵਾਸਤੇ ਭੂਤਕਾਲ ਹੈ, ਉਹ ਮੇਰੇ ਲਈ ਵਰਤਮਾਨ ਸਮਾਨ ਹੈ। ਬੇਸ਼ਕ ਇਕ ਨਿਰਬਲ ਮਨੁੱਖ ਭੂਤਕਾਲ ਨੂੰ ਪ੍ਰਾਪਤ ਕਰਨਾ ਆਪਣੇ ਵਸ ਤੋਂ ਬਾਹਰ ਸਮਝਦਾ ਹੈ ਤੇ ਸਦਾ ਹੀ ਸਮਝਦਾ ਰਿਹਾ ਹੈ। ਪਰ ਮੇਰੇ ਸਾਹਮਣੇ ਭੂਤ ਤੇ ਭਵਿੱਖਤ ਇੱਕੋ ਜੇਹੇ ਹੀ ਹਨ। ਜਿਸ ਵਿਅਕਤੀ ਦੇ ਦਰਸ਼ਨਾਂ ਦਾ ਤੂੰ ਚਾਹਵਾਨ ਹੈਂ, ਮੈਂ ਉਸ ਦੇ ਭੂਤਕਾਲ ਨੂੰ ਭਵਿੱਖਤ ਕਾਲ ਵਿਚ ਬਦਲ ਦਿੱਤਾ ਹੈ । ਮੇਰੇ ਵਲ ਸਿੱਧਾ ਤੁਰਿਆ ਆ। ਤੂੰ ਉਸ ਨੂੰ ਮੇਰੇ ਲਾਗੇ ਮੇਰੇ ਸਵਰਗ ਦੇ ਉੱਚੇ ਅਸਥਾਨ ਤੇ ਮੇਰੇ "ਕੌਸਰ" ਦੇ ਕਿਨਾਰੇ ਉਸੇ ਤਰ੍ਹਾਂ ਮੇਰੇ ਇਨਾਮ ਵੰਡਦਾ ਵੇਖੇਂਗਾ ਜਿਸ ਤਰ੍ਹਾਂ ਕਿ ਤੇਰਾਂ ਸਦੀਆਂ ਪਹਿਲਾਂ ਸਾਰੇ ਜਗ ਨੇ ਉਸ ਨੂੰ ਹਰ ਤਰ੍ਹਾਂ ਦੇ ਪਦਾਰਥ ਵੰਡਦਿਆਂ ਵੇਖਿਆ ਸੀ। ਫੇਰ ਕਿਉਂ ਉਹ ਸਾਰਿਆਂ ਲਈ ਰਹਿਮਤ ਨਾ ਹੋਵੇ ? ਮੈਂ ਤਾਂ ਉਸ ਨੂੰ

Digitized by Panjab Digital Library | www.panjabdigilib.org

ਇਸੇ ਵਾਸਤੇ ਹੀ ਸਾਜਿਆ ਹੈ। ਤਾਂ ਹੀ ਉਸ ਨੇ "ਅਬੁਲ ਕਾਸਮ" ਅਖਵਾਇਆ ਹੈ ਤੇ ਇਸੇ ਕਰਕੇ ਹੀ ਉਸ ਨੇ ਇਸ ਤੋਂ ਸਾਰਿਆਂ ਨੂੰ ਰੋਕ ਦਿੱਤਾ ਹੈ ਕਿ ਕੋਈ ਪ੍ਰਾਣੀ ਇਹ ਉਪਨਾਮ ਧਾਰਨ ਨਾ ਕਰੇ।"

ਮੈਂ ਇਹ ਆਖਿਆ ਕਿ ਹੇ ਮੇਰੇ ਦਿਲ ਵਿਚ ਬੋਲਣ ਵਾਲੇ ! ਮੈਂ ਤੇਰੀ ਅਨਾਦੀ ਸੁੰਦਰਤਾ ਤੇ ਨਿਛਾਵਰ ਹਾਂ। ਬੇਸ਼ੱਕ ਮੇਰਾ ਮੁਹੰਮਦ "ਰਹਿਮਤੁਲ ਲਿਲ ਆਲਮੀਨ" (ਸਾਰੇ ਜਹਾਨਾਂ ਲਈ ਰਹਿਮਤ) ਸੀ। ਪਰ ਤੂੰ ਵੀ ਤਾਂ "ਰੱਬੁਲ ਆਲਮੀਨ" (ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ) ਹੈਂ। ਮੈਂ ਤੇਰੀ ਰਹਿਮਤ ਤੋਂ ਬਲਿਹਾਰ ! ਕੋਈ ਪ੍ਰਾਣੀ ਭੂਤਕਾਲ ਦੇ ਇਕ ਛਿਨ ਨੂੰ ਵੀ ਵਾਪਸ ਨਹੀਂ ਲਿਆ ਸਕਦਾ, ਪਰ ਤੂੰ ਤਾਂ ਤੇਰਾਂ ਸਦੀਆਂ ਦੇ ਭੂਤਕਾਲ ਨੂੰ ਭਵਿੱਖਤ ਕਾਲ ਵਿਚ ਬਦਲ ਦਿੱਤਾ ਹੈ, ਅਰਥਾਤ ਜਿਸ ਬਾਰੇ ਅਸੀਂ ਇਹ ਵਿਚਾਰ ਰਖਦੇ ਸੀ ਕਿ ਅਸੀਂ ਉਸ ਨੂੰ ਚੋਖਾ ਪਿੱਛੇ ਛਡ ਆਏ ਹਾਂ, ਉਸ ਦੇ ਭਵਿੱਖਤ ਵਿਚ ਮੇਲ ਦਾ ਬਚਨ ਦੇ ਦਿਤਾ।

ਹੇ ਮੇਰੇ ਮੁਹੰਮਦ ਦੇ ਪ੍ਰੀਤਮ ਆ।
ਮੇਰੇ ਦਿਲ ਵਿਚ ਵੀ ਡੇਰਾ ਲਾ।
ਤੇਰੀ ਸੁੰਦਰਤਾ ਸਭ ਤੋਂ ਉੱਚੀ ਹੈ।
ਤੇਰੀ ਸ਼ਾਨ ਸਭ ਤੋਂ ਨਿਰਾਲੀ ਹੈ।

ਇਹ ਕਹਿੰਦਿਆਂ ਹੋਇਆਂ ਮੇਰੀਆਂ ਅੱਖਾਂ ਵਿਚੋਂ ਦੋ ਹੰਝੂ ਡਲ੍ਹਕ ਪਏ। ਉਹ ਅਜੇ ਮੇਰੀਆਂ ਗੱਲ੍ਹਾਂ ਤੇ ਡਿੱਗੇ ਹੀ ਸਨ ਕਿ ਮੇਰੀ ਇਕ ਪਤਨੀ ਮੇਰੇ ਕਮਰੇ ਵਿਚ ਆ ਗਈ। ਮੈਂ ਇਸ਼ਕ ਦਾ ਭੇਤ ਖੁਲ੍ਹ ਜਾਣ ਦੇ ਡਰ ਸਦਕਾ ਛੇਤੀ ਨਾਲ ਓਹ ਹੰਝੂ ਪੂੰਝ ਲਏ। ਨਹੀਂ ਤਾਂ ਪਤਾ ਨਹੀਂ ਕਿ ਓਹਨਾਂ ਦੇ ਮਗਰ ਮਗਰ ਹੋਰ ਕਿੰਨੇ ਓਹਨਾਂ ਦੇ ਸਾਥੀ ਤੁਰੇ ਆਉਂਦੇ।

*

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-4134

Digitized by Panjab Digital Library | www.panjabdigilib.org

Digitized by Panjab Digital Library | www.panjabdigilib.org